## ਗਮਾਡਾ ਦੀ ਅਥਾਰਟੀ ਦੀ ਨੌਵੀਂ ਮੀਟਿੰਗ ਵਿਚ ਪੇਸ਼ ਕੀਤੇ ਜਾਣ ਵਾਲੇ ਅਜੰਡਿਆਂ ਦੀ ਸੂਚੀ .

| | |
|---|---|
| 9.01 | ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਮਿਤੀ 16-11-2010 ਨੂੰ ਹੋਈ ਅਠਵੀਂ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ। |
| 9.02 | ਗਮਾਡਾ ਦੀ ਮਿਤੀ, 16-11-2010 ਨੂੰ ਅਥਾਰਟੀ ਦੀ ਅਠਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਸਬੰਧੀ। |
| 9.03 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਜੋ ਮਿਤੀ 16-12-10 ਨੂੰ ਹੋਈ ਸੀ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸਨ ਬਾਰੇ । |
| 9.04 | ਸੈਕਟਰ-69 ਵਿਖੇ ਸ੍ਰੀ ਗੁਰੂ ਸਿੰਘ ਸਭਾ(ਰਜਿ) ਨੂੰ ਗੁਰੂਦਆਰਾ ਸਾਹਿਬ ਲਈ ਅਲਟਰਨੇਟਿਵ ਅਤੇ ਵੱਡੀ ਭੌਂ ਅਲਾਟ ਕਰਨ ਬਾਰੇ । |
| 9.05 | ਗਮਾਡਾ ਲਈ ਆਈ.ਐਸ.ਓ.-9001 ਸਰਟੀਫਿਕੇਸਨ ਲੈਣ ਲਈ ਕੰਸਲਟੈਂਸੀ ਅਜੰਸੀ ਨਿਯੁਕਤ ਕਰਨ ਬਾਰੇ । |
| 9.06 | ਐਸ.ਏ.ਐਸ.ਨਗਰ ਦੇ ਵੱਖ ਵੱਖ ਸੈਕਟਰਾਂ ਦੀਆਂ ਕਮਰਸੀਅਲ ਪਾਕਿਟਾਂ ਦੇ ਪਾਰਕਿੰਗ ਏਰੀਆ ਵਿਚ ਹਾਈ ਮਾਸਟ ਲਾਈਟਾਂ ਮੁਹੱਈਆ ਕਰਨ ਬਾਰੇ । |
| 9.07 | (1) ਗਮਾਡਾ ਅਧੀਨ ਆਉਂਦੇ ਰਕਬੇ ਵਿਚ ਪੈਂਦੇ ਨਗਰਾਂ/ਸਹਿਰਾਂ ਵਿਚ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਕਰਾਉਣ ਸਬੰਧੀ ।<br>(2) ਲਾਲੜੂ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਸਬੰਧੀ ਪ੍ਰਵਾਨਗੀ ਬਾਰੇ । |
| 9.08 | ਸੈਕਟਰ-63 ਮੋਹਾਲੀ ਵਿਖੇ ਸਪੋਰਟਸ ਕੰਪਲੈਕਸ ਦੀ ਉਸਾਰੀ ਸਬੰਧੀ । |
| 9.09 | ਇਨਕਮ ਟੈਕਸ ਵਿਭਾਗ ਵਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਸਬੰਧੀ । |
| 9.10 | ਐਸ. ਏ.ਐਸ ਨਗਰ ਵਿਖੇ ਥਾਵਾਂ ਤੇ ਇਨਫਾਰਮੈਟਰੀ ਸਾਈਨੇਜ ਬੋਰਡ ਲਗਾਉਣ ਬਾਰੇ । |
| 9.11 | ਮੋਹਾਲੀ ਸਹਿਰੀ ਦੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਰੀ ਦੀਆਂ ਮੁਖ ਸੜਕਾਂ ਤੇ ਸੁਰੱਖਿਅਤ ਇਨਫਰਾਸਟਰਕਚਰ ਮੁਹੱਈਆ ਕਰਨ ਸਬੰਧੀ । |
| 9.12 | ਐਰੋਸਿਟੀ ਲਈ ਪ੍ਰਾਪਤ ਕੀਤੀ ਗਈ ਭੌਂ ਵਿਚ ਭੌਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਬਾਰੇ । |
| 9.13 | ਖਰੜ ਬਾਈਪਾਸ ਅਤੇ ਸੈਕਟਰ-120, 123 ਐਸ.ਏ.ਐਸ.ਨਗਰ ਨੂੰ ਅਰਬਨ ਅਸਟੇਟ ਵਜੋਂ ਵਿਕਸਤ ਕਰਨ ਸਬੰਧੀ ਅਤੇ ਵਾਟਰ ਟਰੀਟਮੈਂਟ ਪਲਾਟ ਸਥਾਪਤ ਕਰਨ ਬਾਰੇ । |
| 9.14 | ਮੁਲਾਂਪੁਰ ਅਰਬਨ ਅਸਟੇਟ ਫੇਜ-11 ਅਤੇ ਹੈਲਥ ਫੈਸਲਟੀਜ ਵਾਸਤੇ ਭੌਂ ਪ੍ਰਾਪਤ ਕਰਨ ਬਾਰੇ । |
| 9.15 | ਮੋਹਾਲੀ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ । |

## ਗਮਾਡਾ ਦੀ ਅਥਾਰਟੀ ਦੀ ਨੌਵੀਂ ਮੀਟਿੰਗ ਵਿਚ ਪੇਸ ਕੀਤੇ ਜਾਣ ਵਾਲੇ ਸਪਲੀਮੈਂਟਰੀ ਅਜੰਡਿਆਂ ਦੀ ਸੂਚੀ

| | |
|---|---|
| 9.16 | ਡਿਵੈਲਪਮੈਂਟ ਐਂਡ ਇੰਪਲੀਮੈਨਟੇਸਨ ਆਫ ਈ-ਗਵਰਨੈੱਸ ਇਨ ਗਮਾਡਾ । |

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ,
ਪੁੱਡਾ ਭਵਨ,ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ
(ਤਾਲਮੇਲ ਸਾਖਾ)

ਅਜੰਡਾ ਆਈਟਮ ਨੰ:9.01
(ਅਥਾਰਟੀ ਦੀ ਮੀਟਿੰਗ)

ਵਿਸ਼ਾ:- ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਅੱਠਵੀਂ ਮੀਟਿੰਗ ਜੋ ਮਿਤੀ 16-11-10 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਅੱਠਵੀਂ ਮੀਟਿੰਗ ਜੋ ਮਿਤੀ 16-11-2010 ਨੂੰ ਹੋਈ ਵਿਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ ਪੱਤਰ ਨੰ: ਗਮਾਡਾ-ਕੋਆ-ਅ2-2010/15594-602, ਮਿਤੀ 25-11-2010 (ਅਨੁਲੱਗ-'ੳ') ਰਾਹੀਂ ਅਥਾਰਟੀ ਦੇ ਮੈਂਬਰ ਸਾਹਿਬਾਨ ਨੂੰ ਸੂਚਨਾ ਹਿਤ ਜਾਰੀ ਕਰ ਦਿੱਤੀ ਸੀ ।

ਇਸ ਸਬੰਧੀ ਹੁਣ ਤੱਕ ਅਥਾਰਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵਲੋਂ ਇਤਰਾਜ/ਸੋਧ ਕਰਨ ਸਬੰਧੀ ਕੋਈ ਤਜਵੀਜ / ਸੁਝਾਓ ਦਰਜ ਨਹੀਂ ਕੀਤਾ ਹੈ । ਉਕਤ ਅਨੁਸਾਰ ਮੀਟਿੰਗ ਦੀ ਕਾਰਵਾਈ ਪੁਸਟੀ ਹਿਤ ਪੇਸ ਹੈ ਜੀ ।

## ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
## (ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 15594 – 601 ਮਿਤੀ: 25/11/2010

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ.
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿਨੀ ਸਕੱਤਰੇਤ, ਚੰਡੀਗੜ੍ਹ।

5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਮਿਨੀ ਸਕੱਤਰੇਤ, ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

7) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

8) ਸ਼੍ਰੀ ਰਜਿੰਦਰ ਸਿਘ ਰਾਣਾ,
ਪ੍ਰਧਾਨ
ਮਿਊਂਸਪਲ ਕੌਂਸਲ, ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: – ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ ਅਠਵੀ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅੱਠਵੀਂ ਮੀਟਿੰਗ ਜੋ ਮਿਤੀ 16-11-2010 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 15602 ਮਿਤੀ: 25/11/2010

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ ਅੱਠਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਜੀ ਨੂੰ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਸੂਚਨਾ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਅਨੁਲੱਗ 'ੳ'

ਮਾਨਯੋਗ ਸ੍ਰੀ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 16-11-2010 ਨੂੰ ਸਵੇਰੇ 10-00 ਵਜੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਅੱਠਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਐਸ ਸੀ ਅਗਰਵਾਲ, ਆਈ. ਏ. ਐਸ.,
ਮੁੱਖ ਸਕੱਤਰ, ਪੰਜ਼ਾਬ ਸਰਕਾਰ, ਚੰਡੀਗੜ੍ਹ ।

2) ਸ੍ਰੀ ਡੀ ਐਸ ਗੁਰੂ, ਆਈ. ਏ ਐਸ.,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

3) ਸ੍ਰੀ ਕੇ ਬੀ ਐਸ ਸਿੱਧੂ, ਆਈ. ਏ ਐਸ.,
ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਸਰਕਾਰ,
ਚੰਡੀਗੜ੍ਹ ।

4) ਸ੍ਰੀ ਐਸ ਐਸ ਸੰਧੂ, ਆਈ. ਏ ਐਸ.,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

5) ਸ੍ਰੀ ਐਸ ਐਸ ਰਾਜਪੂਤ, ਆਈ. ਏ. ਐਸ.,
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ।

6) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

7) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ. ਏ ਐਸ.,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਉਪਰੋਕਤ ਤੋ ਇਲਾਵਾ ਹੇਠ ਲਿਖੇ ਅਧਿਕਾਰੀ ਵੀ ਮੀਟਿੰਗ ਵਿਚ ਸਾਮਿਲ ਹੋਏ:-

8) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ.ਏ.ਐਸ.,
ਵਧੀਕ ਮੁੱਖ ਪ੍ਰਸਾਸਕ (ਮੁੱਖ ਦਫਤਰ),
ਗਮਾਡਾ, ਮੋਹਾਲੀ ।

9) ਸ੍ਰੀ ਰਾਜੀਵ ਮੋਦਗਿਲ,
ਮੁੱਖ ਇੰਜੀਨੀਅਰ,
ਗਮਾਡਾ, ਮੋਹਾਲੀ ।

10) ਸ੍ਰੀ ਰਜਿੰਦਰ ਸਰਮਾ,
ਸਲਾਹਕਾਰ(ਟਾਊਨ ਐਂਡ ਪਲੈਨਿੰਗ),
ਗਮਾਡਾ, ਮੋਹਾਲੀ।

11) ਸ੍ਰੀ ਬਲਬੀਰ ਸਿੰਘ, ਪੀ.ਸੀ.ਐਸ,
ਮਿਲਖ ਅਫਸ਼ਰ, ਗਮਾਡਾ, ਮੋਹਾਲੀ ।

12) ਸ੍ਰੀ ਗੁਰਪ੍ਰੀਤ ਸਿੰਘ,
ਸੀਨੀਅਰ ਨਗਰ ਯੋਜਨਾਕਾਰ, ਪੰਜਾਬ
ਮੋਹਾਲੀ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਮੱਦ ਨੰ: 8.01</u>

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਸੱਤਵੀਂ ਮੀਟਿੰਗ ਜੋ ਮਿਤੀ 01-09-2010 ਨੂੰ ਹੋਈ ਸੀ, ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਪੱਤਰ ਨੰਬਰ ਗਮਾਡਾ-(ਤਾਲਮੇਲ-ਮੀਟਿੰਗਜ)-ਅ2-2010/11881-11887 ਮਿਤੀ 14-09-2010 ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸਟੀ ਕੀਤੀ।

<u>ਮੱਦ ਨੰ: 8.02</u>

**ਗਮਾਡਾ ਅਥਾਰਟੀ ਦੀ ਮਿਤੀ 01-09-2010 ਨੂੰ ਹੋਈ ਸੱਤਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

ਮੱਦ ਨੰਬਰ 7.05 ਮੋਹਾਲੀ ਵਿਖੇ ਪੀਣ ਵਾਲੀ ਘਾਟ ਨੂੰ ਪੂਰਾ ਕਰਨ ਲਈ ਕਜੋਲੀ ਵਾਟਰ ਵਰਕਸ ਤੋ ਮੋਹਾਲੀ ਤੱਕ ਨਹਿਰੀ ਪਾਣੀ ਲਿਆਉਣ ਲਈ ਵਿਚਾਰ ਕਰਦੇ ਸਮੇਂ ਮਾਨਯੋਗ ਮੁੱਖ ਸਕੱਤਰ ਜੀ ਨੇ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਹੁਣ ਪੰਜਾਬ ਸਰਕਾਰ ਦਾ ਸਟੈਂਡ ਮੰਨ ਲਿਆ ਗਿਆ ਹੈ ਅਤੇ ਉਹਨਾਂ ਵੱਲੋ ਸੱਤਵੇਂ ਅਤੇ ਅੱਠਵੇ ਫੇਜ ਲਈ ਪਾਣੀ ਦੀਆਂ ਪਾਈਪਾਂ ਪਾਉਣ ਲਈ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਅਰੰਭੀ ਜਾ ਰਹੀ ਹੈ । ਉਪਰੋਕਤ ਦੇ ਸਨਮੁੱਖ ਫੈਸਲਾ ਕੀਤਾ ਗਿਆ ਕਿ ਗਮਾਡਾ ਵੱਲੋ ਵੀ ਭਵਿੱਖ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਧੂ ਪਾਈਪਾਂ ਪਾਉਣ ਦੀ ਲੋੜ ਬਾਰੇ ਅਸੈਸਮੈਂਟ ਕਰਵਾਈ ਜਾਵੇ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਨਾਲ-ਨਾਲ ਗਮਾਡਾ ਨੂੰ ਵੀ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਆਰੰਭ ਲੈਣੀ ਚਾਹੀਦੀ ਹੈ ।

ਮੱਦ ਨੰ:7.19 ਆਈ ਟੀ ਪਾਰਕ ਲਈ ਭੌਂ ਪ੍ਰਾਪਤ ਕਰਨ ਸਬੰਧੀ ਕਾਰਵਾਈ ਤੇ ਵਿਚਾਰ ਕਰਦੇ ਸਮੇਂ ਨੋਟ ਕੀਤਾ ਗਿਆ ਕਿ ਇਸ ਸੜਕ ਦੇ ਨਾਲ ਲਗਦੀ ਲਾਲ ਰੰਗ ਨਾਲ ਵਿਖਾਈ ਗਈ 'E' ਭੌਂ ਏਅਰਪੋਰਟ ਦੇ ਬਹੁਤ ਨੇੜੇ ਹੈ ਅਤੇ ਇਸਤੇ ਵੀ ਅਣ-ਅਧਿਕਾਰਿਤ ਉਸਾਰੀਆਂ ਆ ਸਕਦੀਆਂ ਹਨ ਜਿਹਨਾਂ ਨੂੰ ਰੋਕਣ ਵਾਸਤੇ ਇਹ ਜਰੂਰੀ ਹੈ ਕਿ ਇਸ ਭੌਂ ਨੂੰ ਵੀ ਆਈ ਟੀ ਪਾਰਕ ਵਾਸਤੇ ਪ੍ਰਾਪਤ ਕੀਤੀ ਜਾ ਰਹੀ ਭੌਂ ਦੇ ਨਾਲ ਪ੍ਰਾਪਤ ਕਰ ਲੈਣਾ ਚਾਹੀਦਾ ਹੈ । ਇਸ ਭੌਂ ਦਾ ਮਾਸਟਰ ਪਲੈਨ ਵਿਚ ਲੈਂਡ ਯੂਜ "ਐਕਸਪੋਆ" ਵਿਖਾਇਆ ਗਿਆ ਹੈ ਜਿਸ ਅਨੁਸਾਰ ਇਹ ਭੌਂ ਹੋਟਲ ਐਂਡ ਕਨਵੈਸਨਲ ਹਾਲ, ਐਕਜੀਬੀਸਨ ਐਂਡ ਐਕਸਪੋਜੀਸਨ ਹਾਲ,ਐਵੀਏਸਨ ਅਕੈਡਮੀ, ਲੌਜੇਸਟਿਕ ਯੂਸਿਜ, ਆਫਿਸ ਰਿਲੇਟਿੰਗ ਟੂ ਏਅਰਕਰਾਫਟ ਕੰਪਨੀ, ਫਰੇਟ ਫਾਰਵਰਡਜ ਇਨਸੋਰੈਂਸ ਕੰਪਨੀ ਇਤਿਆਦਿ ਅਤੇ ਏਅਰ ਕਰਾਫਟ ਕੈਟਰਿੰਗ ਕੰਪਨੀ ਅਤੇ ਕਿਚਨ ਮੰਤਵ ਲਈ ਵਰਤੋ ਵਿੱਚ ਲਿਆਂਦੀ ਜਾ ਸਕਦੀ ਹੈ ਜੋਕਿ ਸਮੇਂ ਦੀ ਲੋੜ ਵੀ ਹੈ । ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਨਕਸੇ ਵੀ ਦਿਖਾਈ ਆਈ ਟੀ ਪਾਰਕ ਨਾਲ ਲਗਦੀ ਲਾਲ ਰੰਗ ਵਿਚ ਵਿਖਾਈ ਗਈ 'E' ਭੌਂ ਨੂੰ ਵੀ ਪ੍ਰਾਪਤ ਕਰਨ ਲਈ ਕਾਰਵਾਈ ਅਰੰਭੀ ਜਾਵੇ ।

<u>ਮੱਦ ਨੰ: 8.03</u>

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਜੋ ਮਿਤੀ:10.9.2010 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸਨ ਬਾਰੇ।**

ਅਥਾਰਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ ।

ਮੱਦ ਨੰ: 8.04

**ਮੁਲਾਂਪੁਰ ਅਰਬਨ ਅਸਟੇਟ ਦੀਆਂ ਅਰਜੀਆਂ ਨੂੰ ਇੰਟਰਨੈੱਟ ਰਾਹੀਂ ਆਨ-ਲਾਈਨ ਪ੍ਰਾਪਤ ਕਰਨ ਸਬੰਧੀ ।**

ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਮੁੱਲਾਂਪੁਰ ਵਿਖੇ ਅਰਬਨ ਐਸਟੇਟ ਵਿਖੇ ਪਲਾਟਾਂ ਦੀ ਅਲਾਟਮੈਂਟ ਲਈ ਅਰਜੀਆਂ ਆਨ ਲਾਇਨ ਮੰਗਣ ਦੀ ਤਜਵੀਜ ਅਤੇ ਇਸ ਕੰਮ ਨੂੰ ਈ.ਕੁਨੈਕਟ ਸਲੂਸ਼ਨਜ਼ ਪ੍ਰਾਈਵੇਟ ਲਿਮ: ਤੋਂ ਮਿਤੀ 2.11.2010 ਨੂੰ ਦਿੱਤੇ ਗਏ ਰੇਟਾਂ ਤੇ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 8.05

**ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਵਿਚ ਮੁਫਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਬਾਰੇ ।**

ਇਸ ਮੱਦ ਤੇ ਵਿਚਾਰ ਕਰਨ ਲੱਗਿਆ ਅਥਾਰਟੀ ਨੇ ਨੋਟ ਕੀਤਾ ਕਿ ਐਡਵੋਕੇਟ ਜਨਰਲ ਵੱਲੋ ਦਿੱਤੀ ਗਈ ਕਾਨੂੰਨੀ ਰਾਇ ਅਨੁਸਾਰ ਜਿਨ੍ਹਾਂ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਦੇ ਅਲਾਟਮੈਂਟ ਪੱਤਰ ਵਿੱਚ ਬੀ.ਪੀ.ਐਲ ਪਰਿਵਾਰਾਂ ਨੂੰ ਮੁਫਤ ਇਲਾਜ ਦੇਣ ਦੀ ਸ਼ਰਤ ਨਹੀ ਲਗਾਈ ਗਈ ਹੈ, ਉਹਨਾਂ ਨੂੰ ਇਹ ਸੁਵਿਧਾ ਦੇਣ ਲਈ ਪਾਬੰਦ ਨਹੀ ਕੀਤਾ ਜਾ ਸਕਦਾ । ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਜਿਹਨਾਂ ਦੇ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਬੀ ਪੀ ਐਲ ਪਰਿਵਾਰਾਂ ਨੂੰ ਮੁਫਤ ਇਲਾਜ ਦੀ ਸਹੂਲਤ ਦੇਣ ਦੀ ਸਰਤ ਲਗਾਈ ਗਈ ਹੈ, ਉਸਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ । ਜਿਹਨਾਂ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਇਹ ਸਰਤ ਨਹੀਂ ਹੈ ਅਤੇ ਬਾਅਦ ਵਿਚ ਸਰਤ ਲਗਾਉਣ ਲਈ ਲਿਖਿਆ ਗਿਆ ਹੈ, ਐਡਵੋਕੇਟ ਜਰਨਲ ਦੀ ਰਾਏ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਉਹ ਪੱਤਰ ਵਾਪਿਸ ਲੈ ਲਏ ਜਾਣ ।

ਇਹ ਮਹਿਸੂਸ ਕੀਤਾ ਗਿਆ ਕਿ ਗਰੀਬ ਲੋਕਾਂ ਨੂੰ ਮੁਫਤ ਇਲਾਜ ਦੇਣ ਦੇ ਮੰਤਵ ਲਈ ਸਰਕਾਰ ਦੇ ਪੱਧਰ ਤੇ ਕੋਈ ਵੱਖਰਾ ਕਾਰਪਸ ਫੰਡ ਰੱਖਿਆ ਜਾਵੇ ਜਿਸ ਵਿਚ ਸਾਰੀਆਂ ਅਰਬਨ ਡਿਵੈਲਪਮੈਂਟ ਅਥਾਰਟੀਆਂ ਅਤੇ ਇੰਪਰੂਵਮੈਂਟ ਟਰਸਟਾਂ ਹਸਤਪਤਾਲਾਂ ਲਈ ਵੇਚੀਆਂ ਜਾਣ ਵਾਲੀਆਂ ਸਾਈਟਾਂ ਵਿਚ ਕੁਝ ਰਕਮ (ਲਗਭਗ 20%) ਦੇ ਸਕਦੀਆਂ ਹਨ । ਇਸ ਸਬੰਧੀ ਫੈਸਲਾ ਸਰਕਾਰ ਦੇ ਪੱਧਰ ਤੇ ਲਿਆ ਜਾਣਾ ਹੈ, ਇਸ ਲਈ ਇਹ ਮਾਮਲਾ ਸਰਕਾਰ ਨੂੰ ਰੈਫਰ ਕਰ ਦਿੱਤਾ ਜਾਵੇ । ਇਸ ਸਬੰਧੀ ਸਰਕਾਰ ਵੱਲੋ ਜੋ ਵੀ ਪਾਲਿਸੀ ਬਣਾਈ ਜਾਵੇਗੀ, ਉਸ ਅਨੁਸਾਰ ਗਮਾਡਾ ਵੱਲੋ ਕਾਰਵਾਈ ਕਰ ਲਈ ਜਾਵੇਗੀ ।

ਮੱਦ ਨੰ: 8.06

**ਸਹਿਰੀ ਮਿਲਖ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪੈਟਰੋਲ ਪੰਪ ਸਾਈਟਾਂ ਦੀ ਡਿਸਪੋਜਲ ਕਰਨ ਸਬੰਧੀ ਪਾਲਿਸੀ ਵਿਚ ਸੋਧ ਕਰਨ ਬਾਰੇ ।**

ਇਸ ਮੱਦ ਤੇ ਵਿਚਾਰ ਵਟਾਂਦਰੇ ਦੋਰਾਨ ਅਥਾਰਟੀ ਨੇ ਮਹਿਸੂਸ ਕੀਤਾ ਕਿ ਪੈਟਰੋਲ ਪੰਪ ਚਲਾਉਣ ਲਈ ਸਬੰਧਤ ਵਿਭਾਗਾਂ ਤੋ ਪ੍ਰਵਾਨਗੀਆਂ ਲੈਣੀਆਂ ਹੁੰਦੀਆਂ ਹਨ ਜਿਸ ਲਈ ਸਮਾਂ ਲੱਗ ਸਕਦਾ ਹੈ । ਇਸ ਕਰਕੇ ਲੀਜ ਪ੍ਰਾਪਤ ਕਰਨ ਦਾ ਸਮਾਂ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਸੁਰੂ ਹੋਣਾ ਚਾਹੀਦਾ ਹੈ । ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਪੈਟਰੋਲ ਪੰਪ ਦੀਆਂ ਸਾਈਟਾਂ ਦੇ ਅਲਾਟੀਆਂ ਨੂੰ ਲੋੜੀਦੀਆਂ ਪ੍ਰਵਾਨਗੀਆਂ ਲੈਣ ਲਈ 6 ਮਹੀਨੇ ਦਾ ਸਮਾਂ ਦੇ ਦਿੱਤਾ ਜਾਵੇ ਪਰ ਬਣਦੀ ਜਮਾਨਤੀ ਰਕਮ ਐਲ.ਓ.ਆਈ. ਜਾਰੀ ਹੋਣ ਦੀ ਮਿਤੀ ਤੋ 30 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣ ਯੋਗ ਹੋਵੇਗੀ । ਐਲ.ਓ.ਆਈ. ਜਾਰੀ ਕਰਨ ਲੱਗਿਆ ਅਲਾਟੀ ਨੂੰ ਸਾਈਟ ਦਾ ਜੋਨਿੰਗ ਪਲਾਨ ਆਦਿ ਵੀ ਜਾਰੀ ਕਰ ਦਿੱਤਾ ਜਾਵੇ ਤਾਂ ਜੋ ਉਹ ਸਬੰਧਤ ਵਿਭਾਗਾਂ ਤੋ ਲੋੜੀਦੀ ਪ੍ਰਵਾਨਗੀ ਪ੍ਰਾਪਤ ਕਰ ਸਕੇ । ਜਦੋ ਅਲਾਟੀ ਸਬੰਧਤ ਵਿਭਾਗਾਂ ਤੋ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰ ਲਵੇਗਾ ਤਾਂ ਗਮਾਡਾ ਵੱਲੋ ਅਲਾਟਮੈਂਟ ਪੱਤਰ ਜਾਰੀ ਕਰ ਦਿੱਤਾ ਜਾਵੇ ਅਤੇ ਨਾਲ ਹੀ ਭੌ ਦਾ ਕਬਜਾ ਸੌਪ ਦਿੱਤਾ ਜਾਵੇ । ਭੌ ਦੀ ਲੀਜ ਅਲਾਟਮੈਂਟ ਪੱਤਰ ਦੀ ਜਾਰੀ ਕਰਨ ਦੀ ਮਿਤੀ ਤੋ ਸੁਰੂ ਹੋਵੇਗੀ ।

ਇਹ ਫੈਸਲਾ ਸ੍ਰੀਮਤੀ ਬ੍ਰਿਜ ਮਹਿੰਦਰਾ ਨੂੰ ਪੈਟਰੋਲ ਪੰਪ ਲਈ ਅਲਾਟ ਕੀਤੀ ਗਈ ਭੌ ਜਿਸਦਾ ਇਸ ਮੱਦ ਵਿਚ ਹਵਾਲਾ ਦਿੱਤਾ ਗਿਆ ਹੈ ਤੇ ਵੀ ਲਾਗੂ ਹੋਵੇਗਾ ।

ਮੱਦ ਨੰ: 8.07

**Execution of External Development works by M/s Shipra Estates Limited the promoters of Industrial Park Mega Projects at Village Nagla Tehsil Derabassi, SAS Nagar against EDC Charges.**

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸ਼ਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮਾ ਕਰਵਾਈ ਈ.ਡੀ. ਸੀ ਵਿਚੋ ਕੀਤੀ ਜਾਵੇਗੀ। ਜੇਕਰ ਜਮਾ ਕਰਵਾਈ ਈ.ਡੀ.ਸੀ. ਤੋ ਵੱਧ ਰਕਮ ਦੀ ਲੋੜ ਹੈ ਤਾਂ ਇਹ ਵੱਧੀ ਹੋਈ ਰਕਮ ਪਰਮੋਟਰ ਵੱਲੋ ਜਮਾ ਕਰਵਾਈ ਜਾਵੇਗੀ ਜਿਸ ਦਾ ਕ੍ਰੇਡਿਟ ਉਸ ਨੂੰ ਭਵਿਖ ਦੀ ਈ.ਡੀ.ਸੀ. ਵਿਚੋ ਦਿੱਤਾ ਜਾਵੇ ਗਾ। ਇਹ ਸੁਵਿਧਾ ਸਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿਤੀ ਜਾਵੇ ਗੀ।

ਮੱਦ ਨੰ: 8.08

**ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਮੋਹਾਲੀ ਨੂੰ ਗਮਾਡਾ ਵਲੋਂ ਦਿੱਤੀ ਗਈ 10.00 ਕਰੋੜ ਰੁਪਏ ਦੀ ਗਰਾਂਟ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।**

ਪ੍ਰਵਾਨ ਹੈ ।

ਮੱਦ ਨੰ: 8.09

**ਸ਼ਹਿਰੀ ਮਿਲਖਾਂ ਵਿਚ ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਭੌਂ ਅਲਾਟ ਕਰਨ ਬਾਰੇ ।**

ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਕੋਅਪਰੇਟਿਵ ਸੋਸਾਇਟੀਆਂ ਲਈ ਭੌਂ ਅਲਾਟ ਕਰਨ ਦੀ ਪਾਲਿਸੀ ਤੋ ਹੱਟ ਕੇ ਭੌਂ ਰਿਜਰਵ ਕੀਮਤ ਤੇ ਕੇਸ ਟੂ ਕੇਸ ਬੇਸਿਸ ਤੇ ਚੇਅਰਮੈਨ ਗਮਾਡਾ ਜੀ ਦੀ ਪ੍ਰਵਾਨਗੀ ਨਾਲ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

ਮੱਦ ਨੰ: 8.10

**Execution of External Development Works by M/s Omaxe Chandigarh Extension Developers Pvt.Ltd. formerly M/s Golden Peak Township Pvt.Ltd. the promoters of Mega Project at Village Kansala, Parol, Kartarpur, Rani Majra, Takipur, Boothgarh, Dhode Majra, Rasoolpur and Bhagar Majra and Mullanpur against EDC.**

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸ਼ਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮਾ ਕਰਵਾਈ ਈ.ਡੀ. ਸੀ ਵਿਚੋ ਕੀਤੀ ਜਾਵੇਗੀ। ਜੇਕਰ ਜਮਾ ਕਰਵਾਈ ਈ.ਡੀ.ਸੀ. ਤੋ ਵੱਧ ਰਕਮ ਦੀ ਲੋੜ ਹੈ ਤਾਂ ਇਹ ਵੱਧੀ ਹੋਈ ਰਕਮ ਪਰਮੋਟਰ ਵੱਲੋ ਜਮਾ ਕਰਵਾਈ ਜਾਵੇਗੀ ਜਿਸ ਦਾ ਕ੍ਰੇਡਿਟ ਉਸ ਨੂੰ ਭਵਿਖ ਦੀ ਈ.ਡੀ.ਸੀ. ਵਿਚੋ ਦਿੱਤਾ ਜਾਵੇ ਗਾ। ਇਹ ਸੁਵਿਧਾ ਸਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿਤੀ ਜਾਵੇ ਗੀ।

ਮੱਦ ਨੰ: 8.11

**ਮੋਹਾਲੀ ਦੇ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ।**

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰ: 8.12

**ਮੋਹਾਲੀ ਮਾਸਟਰ ਪਲੈਨ ਦੀਆਂ ਗਰਿੱਡ ਰੋਡਜ ਤੋਂ ਬਰਸਾਤੀ ਪਾਣੀ ਦੇ ਨਿਕਾਸ ਲਈ ਬਣਾਈ ਜਾਣ ਵਾਲੀ ਸਕੀਮ ਨੂੰ ਚਾਲੂ ਕਰਨ ਲਈ ਲੋੜੀਂਦੀ ਭੌਂ ਅਕਵਾਇਰ ਕਰਨ ਸਬੰਧੀ ।**

ਪ੍ਰਵਾਨ ਕੀਤਾ ਗਿਆ ।

ਮੱਦ ਨੰ: 8.13

ਸ਼ਹਿਰੀ ਮਿਲਖ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਚ ਪੈਂਦੇ ਪਿੰਡ ਮਦਨਪੁਰਾ ਨੂੰ ਬੁਨਿਆਦੀ ਸਹੂਲਤਾਂ ਦੇਣ ਸਬੰਧੀ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਲੜੀ ਨੰ: 1,3, 4, 5 ਅਤੇ 6 ਤੇ ਦਿੱਤੀਆਂ ਤਜਵੀਜਾਂ ਪ੍ਰਵਾਨ ਕੀਤੀਆਂ ਗਈਆਂ। ਲੜੀ ਨੰ: 2 ਸਬੰਧੀ ਫੈਸਲਾ ਕੀਤਾ ਗਿਆ ਕਿ ਮਦਨਪੁਰਾ ਪਿੰਡ ਦੇ ਵਿਕਾਸ ਤੇ ਆਉਣ ਵਾਲਾ ਖਰਚਾ ਗਮਾਡਾ ਵਲੋਂ ਕੀਤਾ ਜਾਵੇਗਾ।

ਮੱਦ ਨੰ: 8.14

ਮੁੱਲਾਂਪੁਰ ਸਹਿਰੀ ਮਿਲਖ ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰ: 8.15

13 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਲੈਟਰ ਆਫ ਇੰਟੈਂਟ ਦੀਆਂ ਸਰਤਾਂ ਅਨੁਸਾਰ ਭੌਂ ਦੀ ਅਲਾਟਮੈਂਟ ਕਰਨ ਬਾਰੇ।

ਸਾਲ 2003 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਭੋਂ ਅਲਾਟ ਕਰਨ ਲਈ ਬਿਨੈ ਪੱਤਰ ਮੰਗੇ ਗਏ ਸਨ ਅਤੇ 13 ਸੋਸਾਇਟੀਆਂ ਨੂੰ ਭੋਂ ਦੀ ਅਲਾਟਮੈਂਟ ਕੀਤੀ ਗਈ ਸੀ ਪਰ ਸਾਲ 2006 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਨਵੀਂ ਉਲੀਕੀ ਗਈ ਪਾਲਿਸੀ ਅਨੁਸਾਰ ਬੋਲੀ ਰਾਹੀ ਭੌਂ ਦੀ ਅਲਾਟਮੈਂਟ ਕੀਤੀ ਜਾਣੀ ਬਣਦੀ ਸੀ । ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹਨਾਂ ਸੋਸਾਇਟੀਆਂ ਨੂੰ ਭੋਂ ਨਾ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਇਹਨਾਂ ਸੋਸਾਇਟੀਆਂ ਵੱਲੋ ਜਮ੍ਹਾ ਕਰਵਾਈ ਗਈ ਬਿਆਨਾ ਰਕਮ ਵੀ ਵਾਪਿਸ ਕਰ ਦਿੱਤੀ ਗਈ ਸੀ । ਇਹਨਾਂ ਸੋਸਾਇਟੀਆਂ ਵੱਲੋ ਨਰਮੀ ਦਾ ਵਤੀਰਾ ਵਰਤਦੇ ਹੋਏ ਭੌਂ ਅਲਾਟ ਕਰਨ ਲਈ ਬਿਨੈਪੱਤਰ ਦਿੱਤੇ ਗਏ ਸਨ ਜਿਹਨਾਂ ਨੂੰ sympatheticaly ਵਿਚਾਰਦੇ ਹੋਏ ਇਹਨਾਂ ਸੋਸਾਇਟੀਆਂ ਨੂੰ ਪਾਲਿਸੀ ਤੋ ਹਟ ਕੇ ਭੌਂ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਐਲ.ਓ.ਆਈ ਜਾਰੀ ਕਰਨ ਲੱਗਿਆਂ ਸ਼ਰਤ ਲਗਾਈ ਗਈ ਸੀ ਕਿ ਸੋਸਾਇਟੀ ਕੇਵਲ ਉਹਨਾਂ ਮੈਂਬਰਾਂ ਨੂੰ ਹੀ ਫਲੈਟ ਅਲਾਟ ਕਰੇਗੀ ਜਿਹਨਾਂ ਦੀ ਸੂਚੀ ਦਫਤਰ ਨੂੰ ਪਹਿਲਾਂ ਦਿੱਤੀ ਗਈ ਸੀ । ਅਥਾਰਟੀ ਨੇ ਮਹਿਸੂਸ ਕੀਤਾ ਕਿ ਸੋਸਾਇਟੀਆਂ ਵੱਲੋ ਮੈਂਬਰਾਂ ਦੀ ਬਦਲੀ ਕਰਦੇ ਹੋਏ ਨਵੇਂ ਮੈਂਬਰ ਰੱਖ ਲਏ ਗਏ ਹਨ । ਜੇਕਰ ਸੋਸਾਇਟੀਆਂ ਵੱਲੋ original ਮੈਂਬਰਾਂ ਦੀ ਥਾਂ ਤੇ ਦੂਸਰੇ ਮੈਂਬਰ ਬਦਲੀ ਕੀਤੇ ਜਾਂਦੇ ਹਨ ਤਾਂ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਦੇਣਾ ਉਚਿਤ ਨਹੀ ਹੋਵੇਗਾ । ਨਵੇਂ ਮੈਂਬਰ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਭੌਂ ਅਲਾਟ ਕਰਨ ਲਈ ਨਵੀਂ ਪਾਲਿਸੀ ਅਧੀਨ ਹੀ ਭੌਂ ਦੀ ਅਲਾਟਮੈਂਟ ਕਰਵਾ ਸਕਦੇ ਹਨ ਅਤੇ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਨਹੀ ਦਿੱਤਾ ਜਾ ਸਕਦਾ। ਜੇਕਰ ਬਦਲੀ ਕੀਤੇ ਗਏ ਮੈਂਬਰਾਂ ਨੂੰ ਇਹ ਲਾਭ ਦਿੱਤਾ ਜਾਂਦਾ ਹੈ ਤਾਂ ਇਹ ਦੂਸਰੀਆਂ ਸੋਸਾਇਟੀਆਂ ਅਤੇ ਆਮ ਲੋਕਾਂ ਨਾਲ ਵਿਤੱਕਰਾ ਹੋਵੇਗਾ ।

ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਸੋਸਾਇਟੀ ਵੱਲੋ ਸਾਲ 2003 ਵਿਚ ਅਰਜੀ ਦੇਣ ਸਮੇਂ ਦੱਸੇ ਗਏ ਅਸਲ ਮੈਂਬਰਾਂ ਨੂੰ ਹੀ ਅਲਾਟਮੈਂਟ ਲਈ ਵਿਚਾਰਿਆ ਜਾਵੇ । ਉਪਰੋਕਤ ਤੋ ਇਲਾਵਾ ਹੇਠ ਲਿਖੇ ਕਾਰਨਾਂ ਕਰਕੇ ਮੈਂਬਰ ਦੇ ਨਾਂ ਵਿਚ ਕੀਤੀ ਤਬਦੀਲੀ ਨੂੰ ਵੀ ਪ੍ਰਵਾਨ ਕਰ ਲਿਆ ਜਾਵੇ :-

(i) ਜਿਹਨਾਂ ਕੇਸਾਂ ਵਿਚ ਕਿਸੇ ਅਸਲ ਮੈਂਬਰ ਦੀ ਮੌਤ ਹੋਣ ਤੇ inheritance ਦੁਆਰਾ ਮੈਂਬਰਸਿਪ ਦੀ ਬਦਲੀ ਕੀਤੀ ਗਈ ਹੋਵੇ ।

(ii) ਜੇਕਰ ਕਿਸੇ ਮੈਂਬਰ ਵੱਲੋਂ ਆਪਣੇ ਪਰਿਵਾਰ ਦੇ ਵਿੱਚ ਮੈਂਬਰਸਿਪ ਦੀ ਤਬਦੀਲੀ ਕੀਤੀ ਗਈ ਹੋਵੇ । ਪਰਿਵਾਰ ਦੀ ਪਰਿਭਾਸਾ ਵਿਚ ਪਤੀ,ਪਤਨੀ, ਪੁੱਤਰ ਅਤੇ ਪੁੱਤਰੀ ਹੋਣਗੇ । ਜਿਸਦੇ ਨਾਂ ਤੇ ਮੈਂਬਰਸਿਪ ਦੀ ਤਬਦੀਲੀ ਕੀਤੀ ਹੈ, ਉਹ ਅਲਾਟਮੈਂਟ ਦੀਆਂ ਲੋੜੀਦੀਆਂ ਸਰਤਾਂ ਪੂਰੀਆਂ ਕਰਦਾ ਹੋਵੇ ।

ਮੱਦ ਨੰਬਰ 8.16

ਐਸ.ਏ.ਐਸ.ਨਗਰ ਮੋਹਾਲੀ ਵਿਖੇ ਬਿਰਧ ਆਸਰਮ ਬਣਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

**ਮੱਦ ਨੰਬਰ 8.17**

ਕੁਰਾਲੀ ਵਿਖੇ ਬਕਾਇਆ ਰਹਿੰਦੇ ਰਕਬੇ ਵਿਚ ਵਾਟਰ ਸਪਲਾਈ ਸਿਸਟਮ ਲਗਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

**ਮੱਦ ਨੰਬਰ 8.18**

ਮਿਊਂਨਸਿਪਲ ਕੌਂਸਲ ਐਸ.ਏ.ਐਸ.ਨਗਰ ਨੂੰ ਫੇਜ-7 ਵਿਖੇ ਪੁਰਾਣੀ ਸੀਵਰੇਜ ਪਾਈਪ ਬਦਲਣ ਲਈ ਫੰਡਜ ਉਪਲਬੱਧ ਕਰਵਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

**ਮੱਦ ਨੰਬਰ 8.19**

ਪਿੰਡ ਕੰਬਾਲੀ ਵਿਖੇ ਟਿਊਬਵੈੱਲ ਲਗਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

**ਮੱਦ ਨੰਬਰ 8.20**

ਗਮਾਡਾ ਵਲੋਂ ਸੈਕਟਰ-68 ਵਿਖੇ ਉਸਾਰੇ ਗਏ ਰੀਡਿੰਗ ਰੂਮ ਨੂੰ ਮੋਹਾਲੀ ਸੀਨੀਅਰ ਸਿਟੀਜਨ ਐਸੋਸੀਏਸਨ(ਰਜਿ:) ਨੂੰ ਹੈਂਡ ਓਵਰ ਕਰਨ ਸਬੰਧੀ ।

ਵਿਚਾਰ-ਵਟਾਂਦਰੇ ਉਪਰੰਤ ਮੋਹਾਲੀ ਸੀਨੀਅਰ ਸਿਟੀਜਨ ਐਸੋਸੀਏਸਨ ਰਜਿਸਟਰਡ ਨੂੰ ਸਿਟੀ ਪਾਰਕ, ਸੈਕਟਰ 68 ਵਿਖੇ ਉਸਾਰੇ ਗਏ ਰੀਡਿੰਗ ਰੂਮ ਦੀ ਦੇਖਭਾਲ ਕਰਨ ਲਈ ਉਹਨਾਂ ਨੂੰ ਅਜੰਡੇ ਵਿਚ ਦਰਸਾਈਆਂ ਸਰਤਾਂ (i), (ii) ਅਤੇ (iv) ਤੇ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਮੱਦ ਦੇ ਲੜੀ ਨੰਬਰ (iii) ਸਬੰਧੀ ਬਿਲਡਿੰਗ ਦੀ periodic ਰਿਪੇਅਰ ਪੀ.ਡਬਲਿਊ.ਡੀ ਨਾਰਮਜ ਅਨੁਸਾਰ ਗਮਾਡਾ ਵੱਲੋ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ । ਬਿਜਲੀ ਅਤੇ ਪਾਣੀ ਦੇ ਬਿਲ੍ਹਾਂ ਦੀ ਅਦਾਇਗੀ, ਲਾਨਜ ਦੀ ਮੇਨਟੇਨੈਂਸ, ਅਖਬਾਰਾ, ਮੈਗਜੀਨ ਅਤੇ ਕਿਤਾਬਾਂ ਦੀ ਖਰੀਦ ਤੇ ਆਉਣ ਵਾਲੇ ਖਰਚੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਮਹੀਨਾਵਾਰ ਫਿਕਸ ਗਰਾਂਟ ਦੇਣ ਲਈ ਰਕਮ ਦਾ ਫੈਸਲਾ ਕਰਨ ਦੇ ਅਧਿਕਾਰ ਮੁੱਖ ਪ੍ਰਸਾਸਕ, ਗਮਾਡਾ ਨੂੰ ਦਿੱਤੇ ਗਏ ।

**ਮੱਦ ਨੰਬਰ 8.21**

ਐਰੋ ਸਿਟੀ ਲਈ ਪ੍ਰਾਪਤ ਕੀਤੀ ਗਈ ਭੋਂ ਵਿਚ ਭੋਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਏਜੰਡੇ ਵਿੱਚ ਪੈਰਾ-1 ਤੋਂ 5 ਤੱਕ ਦਿੱਤੀਆਂ ਆਪਸਨਾਂ ਪ੍ਰਵਾਨ ਕੀਤੀਆਂ ਗਈਆਂ । ਏਜੰਡੇ ਦੇ ਪੈਰ੍ਹਾ-6 ਸਬੰਧੀ ਫੈਸਲਾ ਕੀਤਾ ਗਿਆ ਕਿ ਇਹਨਾਂ ਦੋ ਕੇਸਾਂ ਦੇ ਭੋਂ ਮਾਲਕਾਂ ਨੂੰ ਮਿਲਖ ਅਫਸਰ, ਗਮਾਡਾ ਮੁਹਾਲੀ ਲੋੜੀਦੀ ਪਾਲਿਸੀ ਸਬੰਧੀ ਦਫਤਰ ਵਿਚ ਬੁਲਾ ਕੇ ਜਾਣਕਾਰੀ ਦਿੰਦੇ ਹੋਏ ਉਹਨਾਂ ਵੱਲੋਂ ੳ, ਅ, ੲ ਅਤੇ ਸ ਵਿਚੋ ਆਪਸਨ ਲੈ ਲਈ ਜਾਵੇ ਅਤੇ ਸਹਿਮਤੀ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇ ।

**ਮੱਦ ਨੰਬਰ 8.22**

200 ਫੁੱਟ ਚੌੜੀ ਸੜਕ ਦੇ ਦੋਵੇਂ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ ਸੈਕਟਰ-66-66ਏ ਤੋਂ ਛੱਤ ਐਨ.ਐਚ.-64 ਤੱਕ 771.34 ਏਕੜ ਭੋਂ ਪ੍ਰਾਪਤੀ ਸਬੰਧੀ ਪਿੰਡ ਨਰੈਣਗੜ੍ਹ ਝੁੰਗੀਆਂ ਦੀ ਆਬਾਦੀ ਦੇ ਨਾਲ ਲੱਗਦੇ ਮਕਾਨਾਂ ਜੋ ਕਿ ਮੌਜਾ ਪਿੱਡ ਛੱਤ ਵਿਚ ਪੈਂਦੇ ਹਨ, ਨੂੰ ਭੋਂ ਪ੍ਰਾਪਤੀ ਤੋਂ ਛੋਟ ਦੇਣ ਬਾਰੇ ।

ਪ੍ਰਵਾਨ ਹੈ ।

**ਮੱਦ ਨੰਬਰ 8.23**

ਸਹਿਰੀ ਮਿਲਖ ਮੋਹਾਲੀ ਸੈਕਟਰ-66-66ਏ ਤੋਂ ਐਨ.ਐਚ.64 ਤੱਕ ਐਰੋਸਿਟੀ ਲਈ ਪ੍ਰਾਪਤ ਕੀਤੀ ਭੋਂ ਵਿਚ ਕਟ ਆਫ ਡੇਟ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਨੂੰ ਲੈਂਡ ਪੂਲਿੰਗ ਸਕੀਮ ਲਈ ਵਿਚਾਰਣ ਸਬੰਧੀ ।

ਅਥਾਰਟੀ ਨੇ ਮਹਿਸੂਸ ਕੀਤਾ ਕਿ ਰਾਜ ਵਿਚ ਲੈਂਡ ਪੂਲਿੰਗ ਸਕੀਮ ਇਸ ਪੈਮਾਨੇ ਤੇ ਪਹਿਲੀ ਵਾਰ ਲਾਗੂ ਕੀਤੀ ਗਈ ਹੈ ਜਿਸ ਕਰਕੇ ਭੌ ਮਾਲਕਾਂ ਨੂੰ ਇਸ ਸਕੀਮ ਦੇ ਪੂਰੇ ਤੱਥਾਂ ਬਾਰੇ ਜਾਣਕਾਰੀ ਨਹੀ ਸੀ ਜਿਸ ਕਰਕੇ ਉਹ ਮਿੱਥੇ ਸਮੇਂ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਆਪਣੀ ਆਪਸਨ ਨਹੀ ਦੇ ਸਕੇ। ਜੇਕਰ ਭੌ ਮਾਲਕਾਂ ਦੀ ਮੰਗ ਅਨੁਸਾਰ ਜਿਹਨਾਂ ਭੌ ਮਾਲਕਾਂ ਨੇ ਮੁਆਵਜਾ ਨਹੀ ਚੁੱਕਿਆ ਨੂੰ ਲੈਂਡ ਪੂਲਿੰਗ ਸਕੀਮ ਲਈ ਮਿੱਥੀ ਮਿਤੀ ਤੋ ਬਾਅਦ ਦਿੱਤੀ ਗਈ ਆਪਸਨ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਇਸ ਨਾਲ ਲੋਕਾਂ ਵਿਚ ਸਰਕਾਰ ਅਤੇ ਗਮਾਡਾ ਦਾ ਚੰਗਾਂ ਅਸਰ ਪਵੇਗਾ ਅਤੇ ਭੱਵਿਖ ਵਿੱਚ ਇਸ ਸਕੀਮ ਅਧੀਨ ਪ੍ਰਾਪਤ ਕੀਤੀ ਜਾਣ ਵਾਲੀ ਭੌ ਨੂੰ ਚੰਗਾ ਹੁੰਗਾਰਾਂ ਮਿਲੇਗਾ । ਇਸਦੇ ਨਾਲ ਹੀ ਭੌ ਮਾਲਕਾਂ ਦੇ ਹਿੱਤਾਂ ਦਾ ਨੁਕਸਾਨ ਨਹੀ ਹੋਵੇਗਾ । ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਅਨੁਲੱਗ ਅ ਵਿਚ ਦਰਸਾਏ ਭੌ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਅਧੀਨ ਲਾਭ ਲੈਣ ਲਈ ਆਗਿਆ ਦੇ ਦਿੱਤੀ ਜਾਵੇ । ਪਰ ਇਹ ਫੈਸਲਾ ਭੱਵਿਖ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਭੌ ਪ੍ਰਾਪਤ ਕਰਨ ਲਈ ਉਦਾਹਰਣ ਨਹੀ ਬਣੇਗਾ । ਅਥਾਰਟੀ ਨੇ ਮੱਦ ਤੇ ਪੈਰਾ 12 ਵਿਚ ਦਰਸਾਈ ਮੈਸਰਜ ਨੈਕਟਰ ਲਾਇਫ ਸੰਨਜ ਲਿਮਟਿਡ ਦੀ ਪ੍ਰਤੀ ਬੇਨਤੀ ਤੇ ਦਫਤਰ ਵੱਲੋ ਕੀਤੀ ਗਈ ਕਾਰਵਾਈ ਦੀ ਪ੍ਰੋੜਤਾ ਕੀਤੀ ।

ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੀ ਮੱਦ ਤੇ ਵਿਚਾਰ ਕੀਤਾ ਗਿਆ :-

**ਸੈਕਟਰ 77 ਵਿਚ ਮਾਹਰਾਜਾ ਰਣਜੀਤ ਸਿੰਘ ਅਕੈਡਮੀ ਨੂੰ ਵਾਧੂ ਜਮੀਨ ਦੀ ਅਲਾਟਮੈਂਟ ਕਰਨ ਬਾਰੇ:**

ਮਾਨਯੋਗ ਮੁੱਖ ਮੰਤਰੀ ਜੀ ਵੱਲੋ ਮੀਟਿੰਗ ਵਿਚ ਇਹ ਧਿਆਨ ਵਿਚ ਲਿਆਂਦਾ ਕਿ ਸੈਕਟਰ 77 ਵਿਚ ਜਿਸ ਜਗ੍ਹਾ ਤੇ ਮਾਹਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪਰੈਪਰੇਟਰੀ ਇੰਨਸਟੀਟਿਊਟ, ਸੈਕਟਰ 77 ਐਸ ਏ ਐਸ ਨਗਰ ਉਸਾਰੀ ਜਾ ਰਹੀ ਹੈ, ਜਿਸਦਾ ਉਹਨਾਂ ਵੱਲੋਂ ਮੌਕਾ ਵੇਖਿਆ ਗਿਆ ਸੀ । ਉਹਨਾਂ ਦੱਸਿਆ ਕਿ ਮੁਨਾਸਿਬ ਹੋਵੇ ਜੇਕਰ ਉਸਦੇ ਨਾਲ ਲਗਦੀ ਖਾਲੀ ਭੌ ਜੋਕਿ ਅਜੇ ਤੱਕ ਕਿਸੇ ਨੂੰ ਅਲਾਟ ਨਹੀ ਕੀਤੀ ਗਈ ਇਸ ਨਾਲ ਆਉਣ ਵਾਲੇ ਸਮੇਂ ਵਿਚ ਇਨਸਟੀਟਿਊਟ ਦੀਆਂ ਲੋੜਾਂ ਪੂਰੀਆਂ ਹੋ ਸਕਣਗੀਆਂ। ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਇਨਸਟੀਟਿਊਟ ਦੇ ਨਾਲ ਲਗਦੀ ਖਾਲੀ ਭੌ ਨੂੰ ਪਹਿਲਾਂ ਵਾਲੀਆਂ ਸਰਤਾਂ ਤੇ ਅਲਾਟ ਕਰ ਦਿੱਤਾ ਜਾਵੇ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ-ਕਮ-ਚੇਅਰਮੈਨ
ਗਮਾਡਾ ।

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ,
ਪੁੱਡਾ ਭਵਨ,ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ
(ਤਾਲਮੇਲ ਸਾਖਾ)

ਅਜੰਡਾ ਆਈਟਮ ਨੰ:9.02
( ਅਥਾਰਿਟੀ ਦੀ ਮੀਟਿੰਗ )

ਵਿਸਾ:- ਗਮਾਡਾ ਅਥਾਰਿਟੀ ਦੀ ਮਿਤੀ:16.11.2010 ਨੂੰ ਹੋਈ ਅੱਠਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ।

ਗਮਾਡਾ ਦੀ ਅਥਾਰਿਟੀ ਦੀ ਅੱਠਵੀਂ ਮੀਟਿੰਗ ਜੋ ਮਿਤੀ 16.11.2010 ਨੂੰ ਹੋਈ ਸੀ ਦੀ ਕਾਰਵਾਈ ਵਿਚ ਲਏ ਗਏ ਫੈਸਲਿਆਂ ਤੇ ਦਫਤਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਮੱਦ-ਵਾਰ ਵਿਵਰਣ ਦਰਸਾਉਂਦੀ ਸਾਰਣੀ ਹੇਠਾਂ ਅਜੰਡਾ ਨੋਟ ਦੇ ਅਨੁਲੱਗ-'ੳ' ਅਥਾਰਿਟੀ ਅੱਗੇ ਸੂਚਨਾ ਹਿੱਤ ਰੱਖੀ ਜਾਂਦੀ ਹੈ ।

ਅਜੰਡਾ ਆਈਟਮ ਨੰ:9.02

ਅਨੁਲੱਗ-'ੳ'

## ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਮਿਤੀ 16-11-2010 ਨੂੰ ਹੋਈ ਅੱਠਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।

| ਮੱਦ ਨੰ: | ਵਿਸ਼ਾ | ਫੈਸਲਾ | ਕੀਤੀ ਗਈ ਕਾਰਵਾਈ |
|---|---|---|---|
| 8.01 | ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਸੱਤਵੀਂ ਮੀਟਿੰਗ ਜੋ ਮਿਤੀ 01-09-2010 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ। | ਵਿਚਾਰ ਵਿਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਪੱਤਰ ਨੰ: ਗਮਾਡਾ(ਤਾਲਮੇਲ)-ਅ2/2010/ 11881-11887 ਮਿਤੀ 14.09.2010 ਨੂੰ ਨਾਲ ਜਾਰੀ ਕੀਤੀ ਗਈ ਕਾਰਵਾਈ ਦੀ ਪੁਸ਼ਟੀ ਕੀਤੀ । | - |
| 8.02 | ਮਿਤੀ 19-11-2008 ਨੂੰ ਹੋਈ ਚੋਥੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ । | ਅਥਾਰਟੀ ਵਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਤੇ ਤਸੱਲੀ ਪ੍ਰਗਟਾਈ ਗਈ ।<br>ਮੱਦ ਨੰਬਰ 7.05 ਮੋਹਾਲੀ ਵਿਖੇ ਪੀਣ ਵਾਲੀ ਘਾਟ ਨੂੰ ਪੂਰਾ ਕਰਨ ਲਈ ਕਜੌਲੀ ਵਾਟਰ ਵਰਕਸ ਤੋ ਮੋਹਾਲੀ ਤੱਕ ਨਹਿਰੀ ਪਾਣੀ ਲਿਆਉਣ ਲਈ ਵਿਚਾਰ ਕਰਦੇ ਸਮੇਂ ਮਾਨਯੋਗ ਮੁੱਖ ਸਕੱਤਰ ਜੀ ਨੇ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਹੁਣ ਪੰਜਾਬ ਸਰਕਾਰ ਦਾ ਸਟੈਂਡ ਮੰਨ ਲਿਆ ਗਿਆ ਹੈ ਅਤੇ ਉਹਨਾਂ ਵੱਲੋ ਸੱਤਵੇਂ ਅਤੇ ਅੱਠਵੇ ਫੇਜ ਲਈ ਪਾਣੀ ਦੀਆਂ ਪਾਈਪਾਂ ਪਾਉਣ ਲਈ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਅਰੰਭੀ ਜਾ ਰਹੀ ਹੈ । ਉਪਰੋਕਤ ਦੇ ਸਨਮੁੱਖ ਫੈਸਲਾ ਕੀਤਾ ਗਿਆ ਕਿ ਗਮਾਡਾ ਵੱਲੋ ਵੀ ਭਵਿੱਖ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਧੂ ਪਾਈਪਾਂ ਪਾਉਣ ਦੀ ਲੋੜ ਬਾਰੇ ਅਸੈਸਮੈਂਟ ਕਰਵਾਈ ਜਾਵੇ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਨਾਲ-ਨਾਲ ਗਮਾਡਾ ਨੂੰ ਵੀ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਆਰੰਭ ਲੈਣੀ ਚਾਹੀਦੀ ਹੈ ।<br>ਮੱਦ ਨੰ:7.19 ਆਈ ਟੀ ਪਾਰਕ ਲਈ ਭੌਂ ਪ੍ਰਾਪਤ ਕਰਨ ਸਬੰਧੀ ਕਾਰਵਾਈ ਤੇ ਵਿਚਾਰ ਕਰਦੇ ਸਮੇਂ ਨੋਟ ਕੀਤਾ ਗਿਆ ਕਿ ਇਸ ਸੜਕ ਦੇ ਨਾਲ ਲਗਦੀ ਲਾਲ ਰੰਗ ਨਾਲ ਵਿਖਾਈ ਗਈ 'E' ਭੌਂ ਏਅਰਪੋਰਟ ਦੇ ਬਹੁਤ ਨੇੜੇ ਹੈ ਅਤੇ ਇਸਤੇ ਵੀ ਅਣ-ਅਧਿਕਾਰਿਤ ਉਸਾਰੀਆਂ ਆ ਸਕਦੀਆਂ ਹਨ ਜਿਹਨਾਂ ਨੂੰ ਰੋਕਣ ਵਾਸਤੇ ਇਹ ਜਰੂਰੀ ਹੈ ਕਿ ਇਸ ਭੌਂ ਨੂੰ ਵੀ ਆਈ ਟੀ ਪਾਰਕ ਵਾਸਤੇ ਪ੍ਰਾਪਤ ਕੀਤੀ ਜਾ ਰਹੀ ਭੌਂ ਦੇ ਨਾਲ ਪ੍ਰਾਪਤ ਕਰ ਲੈਣਾ ਚਾਹੀਦਾ ਹੈ । ਇਸ ਭੌਂ ਦਾ ਮਾਸਟਰ ਪਲੈਨ ਵਿਚ ਲੈਂਡ ਯੂਜ "ਐਕਸਪੋਅ" ਵਿਖਾਇਆ ਗਿਆ ਹੈ ਜਿਸ ਅਨੁਸਾਰ ਇਹ ਭੌਂ ਹੋਟਲ ਐਂਡ ਕਨਵੈਂਸਨਲ ਹਾਲ, ਐਕਜੀਬੀਸਨ ਐਂਡ | -<br>ਗਮਾਡਾ ਵਲੋਂ ਪੱਤਰ ਨੰ: 4374, ਮਿਤੀ 9-11-2010 ਰਾਹੀਂ ਮੁੱਖ ਨਗਰ ਯੋਜਨਾਕਾਰ, ਪੰਜਾਬ ਨੂੰ ਪਾਈਪ ਲਾਈਨਾਂ ਲਗਾਉਣ ਲਈ ਪਹਿਲਾਂ ਪ੍ਰਾਪਤ ਕੀਤੀ ਗਈ 50 ਫੁੱਟ ਚੌੜੀ ਭੌਂ ਦੀ ਪੱਟੀ ਦੇ ਦੱਖਣ ਵਾਲੇ ਪਾਸੇ ਹੋਰ 100 ਫੁੱਟ ਚੌੜੀ ਭੌਂ ਦੀ ਪੱਟੀ ਨੂੰ ਰਿਜਰਵ ਰੱਖਣ ਲਈ ਲਿਖਦੇ ਹੋਏ ਕਿਹਾ ਗਿਆ ਹੈ ਕਿ ਇਸ ਰਕਬੇ ਵਿਚ ਕਿਸੇ ਨੂੰ ਵੀ ਕਲੋਨੀ ਜਾਂ ਮੈਗਾ ਪ੍ਰੋਜੈਕਟ ਲਈ ਸੀ.ਐਲ.ਯੂ. ਦੀ ਪ੍ਰਵਾਨਗੀ ਨਾ ਦਿੱਤੀ ਜਾਵੇ ਤਾਂ ਜੋ ਹੋਰ ਲਾਈਨਾਂ ਲਗਾਉਣ ਲਈ ਭੌਂ ਪ੍ਰਾਪਤ ਕਰਨ ਵਿਚ ਕੋਈ ਔਕੜ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਗਮਾਡਾ ਏਰੀਏ ਦੀ ਭਵਿੱਖ ਦੀ ਪਾਣੀ ਦੀ ਮੰਗ ਦੀ ਅਸੈਸਮੈਂਟ ਲਈ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ।<br>ਨੋਟ ਕੀਤਾ ਗਿਆ। ਕਾਰਵਾਈ ਵਿਚਾਰ ਅਧੀਨ ਹੈ । ਵਿੱਤੀ ਪਹਿਲੂ ਘੋਖੇ ਜਾ ਰਹੇ ਹਨ। ਵਿਸਥਾਰਪੂਰਵਕ ਅਜੰਡਾ ਬਾਅਦ ਵਿਚ ਦੋਬਾਰਾ ਅਥਾਰਟੀ ਦੀ ਮੀਟਿੰਗ ਵਿਚ ਲਿਆਂਉਦਾ ਜਾਵੇਗਾ। |

| | | | |
|---|---|---|---|
| | | ਐਕਸਪੋਜੀਸਨ ਹਾਲ,ਐਵੀਏਸਨ ਅਕੈਡਮੀ, ਲੋਜੈਸਟਿਕ ਯੂਸਿਜ, ਆਫਿਸ ਰਿਲੇਟਿੰਗ ਟੂ ਏਅਰਕਰਾਫਟ ਕੰਪਨੀ, ਫਰੇਟ ਫਾਰਵਰਡਜ ਇਨਸੋਰੈਂਸ ਕੰਪਨੀ ਇਤਿਆਦਿ ਅਤੇ ਏਅਰ ਕਰਾਫਟ ਕੈਟਰਿੰਗ ਕੰਪਨੀ ਅਤੇ ਕਿਚਨ ਮੰਤਵ ਲਈ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ ਜੋਕਿ ਸਮੇਂ ਦੀ ਲੋੜ ਵੀ ਹੈ । ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਨਕਸੇ ਵੀ ਦਿਖਾਈ ਆਈ ਟੀ ਪਾਰਕ ਨਾਲ ਲਗਦੀ ਲਾਲ ਰੰਗ ਵਿਚ ਵਿਖਾਈ ਗਈ 'E' ਭੋਂ ਨੂੰ ਵੀ ਪ੍ਰਾਪਤ ਕਰਨ ਲਈ ਕਾਰਵਾਈ ਅਰੰਭੀ ਜਾਵੇ । | |
| 8.03 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਜੋ ਮਿਤੀ 10-9-2010 ਨੂੰ ਹੋਈ, ਵਿਚ ਲਈ ਗਏ ਫੈਸਲਿਆਂ ਦੀ ਰੈਟੀਫਿਕੇਸਨ ਬਾਰੇ । | ਅਥਾਰਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ। | - |
| 8.04 | ਮੁਲਾਂਪੁਰ ਅਰਬਨ ਅਸਟੇਟ ਦੀਆਂ ਅਰਜੀਆਂ ਨੂੰ ਇੰਟਰਨੈੱਟ ਰਾਹੀਂ ਆਨ-ਲਾਈਨ ਪ੍ਰਾਪਤ ਕਰਨ ਸਬੰਧੀ। | ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਮੁੱਲਾਂਪੁਰ ਵਿਖੇ ਅਰਬਨ ਐਸਟੇਟ ਵਿਖੇ ਪਲਾਟਾਂ ਦੀ ਅਲਾਟਮੈਂਟ ਲਈ ਅਰਜੀਆਂ ਆਨ ਲਾਇਨ ਮੰਗਣ ਦੀ ਤਜਵੀਜ ਅਤੇ ਇਸ ਕੰਮ ਨੂੰ ਈ.ਕੁਨੈਕਟ ਸਲੂਸ਼ਨਜ ਪ੍ਰਾਈਵੇਟ ਲਿਮ: ਤੋਂ ਮਿਤੀ 2.11.2010 ਨੂੰ ਦਿੱਤੇ ਗਏ ਰੇਟਾਂ ਤੇ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ। | ਨੋਟ ਕੀਤਾ ਗਿਆ । |
| 8.05 | ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਵਿਚ ਮੁਫਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਬਾਰੇ । | ਇਸ ਮੱਦ ਤੇ ਵਿਚਾਰ ਕਰਨ ਲੱਗਿਆ ਅਥਾਰਟੀ ਨੇ ਨੋਟ ਕੀਤਾ ਕਿ ਐਡਵੋਕੇਟ ਜਨਰਲ ਵੱਲੋਂ ਦਿੱਤੀ ਗਈ ਕਾਨੂੰਨੀ ਰਾਇ ਅਨੁਸਾਰ ਜਿਨ੍ਹਾਂ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਦੇ ਅਲਾਟਮੈਂਟ ਪੱਤਰ ਵਿੱਚ ਬੀ.ਪੀ.ਐਲ ਪਰਿਵਾਰਾਂ ਨੂੰ ਮੁਫਤ ਇਲਾਜ ਦੇਣ ਦੀ ਸਰਤ ਨਹੀ ਲਗਾਂਈ ਗਈ ਹੈ, ਉਹਨਾਂ ਨੂੰ ਇਹ ਸੁਵਿਧਾ ਦੇਣ ਲਈ ਪਾਬੰਦ ਨਹੀ ਕੀਤਾ ਜਾ ਸਕਦਾ । ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਜਿਹਨਾਂ ਦੇ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਬੀ ਪੀ ਐਲ ਪਰਿਵਾਰਾਂ ਨੂੰ ਮੁਫਤ ਇਲਾਜ ਦੀ ਸਹੂਲਤ ਦੇਣ ਦੀ ਸਰਤ ਲਗਾਈ ਗਈ ਹੈ, ਉਸਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ । ਜਿਹਨਾਂ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਇਹ ਸਰਤ ਨਹੀਂ ਹੈ ਅਤੇ ਬਾਅਦ ਵਿਚ ਸਰਤ ਲਗਾਉਣ ਲਈ ਲਿਖਿਆ ਗਿਆ ਹੈ, ਐਡਵੋਕੇਟ ਜਰਨਲ ਦੀ ਰਾਏ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਉਹ ਪੱਤਰ ਵਾਪਿਸ ਲੈ ਲਏ ਜਾਣ ।<br>ਇਹ ਮਹਿਸੂਸ ਕੀਤਾ ਗਿਆ ਕਿ ਗਰੀਬ ਲੋਕਾਂ ਨੂੰ ਮੁਫਤ ਇਲਾਜ ਦੇਣ ਦੇ ਮੰਤਵ ਲਈ ਸਰਕਾਰ ਦੇ ਪੱਧਰ ਤੇ ਕੋਈ ਵੱਖਰਾ ਕਾਰਪਸ ਫੰਡ ਰੱਖਿਆ ਜਾਵੇ ਜਿਸ ਵਿਚ ਸਾਰੀਆਂ ਅਰਬਨ ਡਿਵੈਲਪਮੈਂਟ ਅਥਾਰਟੀਆਂ ਅਤੇ ਇੰਪਰੂਵਮੈਂਟ ਟਰਸਟਾਂ ਹਸਤਪਤਾਲਾਂ ਲਈ ਵੇਚੀਆਂ ਜਾਣ ਵਾਲੀਆਂ ਸਾਈਟਾਂ | ਨੋਟ ਕੀਤਾ ਗਿਆ । ਅਥਾਰਿਟੀ ਦੇ ਫੈਸਲੇ ਅਨੁਸਾਰ ਪੱਤਰ ਨੰ: 16366-67, ਮਿਤੀ 9-12-10 ਰਾਹੀਂ ਵਧੀਕ ਮੁੱਖ ਪ੍ਰਸਾਸਕ/ਮਿ:ਅ; ਨੂੰ ਹਦਾਇਤਾ ਜਾਰੀ ਕਰ ਦਿੱਤੀਆ ਗਈਆ ਹਨ। |

| | | | |
|---|---|---|---|
| | | ਇਹ ਦੂਸਰੀਆਂ ਸੋਸਾਇਟੀਆਂ ਅਤੇ ਆਮ ਲੋਕਾਂ ਨਾਲ ਵਿਤੱਕਰਾ ਹੋਵੇਗਾ । ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਸੋਸਾਇਟੀ ਵੱਲੋਂ ਸਾਲ 2003 ਵਿਚ ਅਰਜੀ ਦੇਣ ਸਮੇਂ ਦੱਸੇ ਗਏ ਅਸਲ ਮੈਂਬਰਾਂ ਨੂੰ ਹੀ ਅਲਾਟਮੈਂਟ ਲਈ ਵਿਚਾਰਿਆ ਜਾਵੇ । ਉਪਰੋਕਤ ਤੋ ਇਲਾਵਾ ਹੇਠ ਲਿਖੇ ਕਾਰਨਾਂ ਕਰਕੇ ਮੈਂਬਰ ਦੇ ਨਾਂ ਵਿਚ ਕੀਤੀ ਤਬਦੀਲੀ ਨੂੰ ਵੀ ਪ੍ਰਵਾਨ ਕਰ ਲਿਆ ਜਾਵੇ :-<br>(i) ਜਿਹਨਾਂ ਕੇਸਾਂ ਵਿਚ ਕਿਸੇ ਅਸਲ ਮੈਂਬਰ ਦੀ ਮੌਤ ਹੋਣ ਤੇ inheritance ਦੁਆਰਾ ਮੈਂਬਰਸਿਪ ਦੀ ਬਦਲੀ ਕੀਤੀ ਗਈ ਹੋਵੇ ।<br>(ii) ਜੇਕਰ ਕਿਸੇ ਮੈਬਰ ਵੱਲੋਂ ਆਪਣੇ ਪਰਿਵਾਰ ਦੇ ਵਿੱਚ ਮੈਂਬਰਸਿਪ ਦੀ ਤਬਦੀਲੀ ਕੀਤੀ ਗਈ ਹੋਵੇ । ਪਰਿਵਾਰ ਦੀ ਪਰਿਭਾਸਾ ਵਿਚ ਪਤੀ,ਪਤਨੀ, ਪੁੱਤਰ ਅਤੇ ਪੁੱਤਰੀ ਹੋਣਗੇ । ਜਿਸਦੇ ਨਾਂ ਤੇ ਮੈਂਬਰਸਿਪ ਦੀ ਤਬਦੀਲੀ ਕੀਤੀ ਹੈ, ਉਹ ਅਲਾਟਮੈਂਟ ਦੀਆਂ ਲੋੜੀਦੀਆਂ ਸਰਤਾਂ ਪੂਰੀਆਂ ਕਰਦਾ ਹੋਵੇ । | |
| 8.16 | ਐਸ.ਏ.ਐਸ.ਨਗਰ ਮੋਹਾਲੀ ਵਿਖੇ ਬਿਰਧ ਆਸਰਮ ਬਣਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਬਾਰੇ ਡੀ.ਟੀ.ਪੀ. ਮੋਹਾਲੀ ਨੂੰ ਲੋੜੀਂਦੀ ਜਗ੍ਹਾ ਈਅਰ ਮਾਰਕ ਕਰਨ ਲਈ ਲਿਖ ਦਿੱਤਾ ਗਿਆ ਹੈ ਅਤੇ ਪੀ.ਆਈ.ਡੀ.ਬੀ. ਨੂੰ ਪੱਤਰ ਨੰ:6507, ਮਿਤੀ 22-12-2010 ਨਾਲ ਮੱਦ ਦੇ ਫੈਸਲੇ ਮੁਤਾਬਿਕ ਅਗਲੇਰੀ ਕਾਰਵਾਈ ਆਰੰਭਨ ਲਈ ਕਹਿ ਦਿੱਤਾ ਗਿਆ ਹੈ । |
| 8.17 | ਕੁਰਾਲੀ ਵਿਖੇ ਬਕਾਇਆ ਰਹਿੰਦੇ ਰਕਬੇ ਵਿਚ ਵਾਟਰ ਸਪਲਾਈ ਸਿਸਟਮ ਲਗਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਕੰਮ ਦੀ 478.63 ਲੱਖ ਰੁਪਏ ਦੀ ਪ੍ਰਸਾਸਕੀ ਪ੍ਰਵਾਨਗੀ ਪ੍ਰਾਪਤ ਹੋ ਗਈ ਹੈ। ਇਸ ਕੰਮ ਦਾ ਵਿਸਤ੍ਰਿਤ ਤਖਮੀਨਾ ਅਤੇ ਦੋ ਨੰਬਰ ਟਿਊਬਵੈੱਲਾਂ ਦੀ ਡੀ.ਐਨ.ਆਈ.ਟੀ.ਤਿਆਰ ਕਰ ਦਿੱਤੀ ਗਈ ਹੈ ਜੋ ਕਿ ਪ੍ਰਵਾਨਗੀ ਅਧੀਨ ਹੈ । |
| 8.18 | ਮਿਊਂਨਸਿਪਲ ਕੌਂਸਲ ਐਸ.ਏ.ਐਸ.ਨਗਰ ਨੂੰ ਫੇਜ-7 ਵਿਖੇ ਪੁਰਾਣੀ ਸੀਵਰੇਜ ਪਾਈਪ ਬਦਲਣ ਲਈ ਫੰਡਜ ਉਪਲਬੱਧ ਕਰਵਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਕੰਮ ਲਈ 21.73 ਲੱਖ ਰੁਪਏ ਜਾਰੀ ਕਰ ਦਿੱਤੇ ਗਏ ਹਨ । |

| | | | |
|---|---|---|---|
| | | ਵਿਚ ਕੁਝ ਰਕਮ (ਲਗਭਗ 20%) ਦੇ ਸਕਦੀਆਂ ਹਨ । ਇਸ ਸਬੰਧੀ ਫੈਸਲਾ ਸਰਕਾਰ ਦੇ ਪੱਧਰ ਤੇ ਲਿਆ ਜਾਣਾ ਹੈ, ਇਸ ਲਈ ਇਹ ਮਾਮਲਾ ਸਰਕਾਰ ਨੂੰ ਰੈਫਰ ਕਰ ਦਿੱਤਾ ਜਾਵੇ । ਇਸ ਸਬੰਧੀ ਸਰਕਾਰ ਵੱਲੋ ਜੋ ਵੀ ਪਾਲਿਸੀ ਬਣਾਈ ਜਾਵੇਗੀ, ਉਸ ਅਨੁਸਾਰ ਗਮਾਡਾ ਵੱਲੋ ਕਾਰਵਾਈ ਕਰ ਲਈ ਜਾਵੇਗੀ । | |
| 8.06 | ਸਹਿਰੀ ਮਿਲਖ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪੈਟਰੋਲ ਪੰਪ ਸਾਈਟਾਂ ਦੀ ਡਿਸਪੋਜਲ ਕਰਨ ਸਬੰਧੀ ਪਾਲਿਸੀ ਵਿਚ ਸੋਧ ਕਰਨ ਬਾਰੇ । | ਇਸ ਮੱਦ ਤੇ ਵਿਚਾਰ ਵਟਾਂਦਰੇ ਦੋਰਾਨ ਅਥਾਰਟੀ ਨੇ ਮਹਿਸੂਸ ਕੀਤਾ ਕਿ ਪੈਟਰੋਲ ਪੰਪ ਚਲਾਉਣ ਲਈ ਸਬੰਧਤ ਵਿਭਾਗਾਂ ਤੋ ਪ੍ਰਵਾਨਗੀਆਂ ਲੈਣੀਆਂ ਹੁੰਦੀਆਂ ਹਨ ਜਿਸ ਲਈ ਸਮਾਂ ਲੱਗ ਸਕਦਾ ਹੈ । ਇਸ ਕਰਕੇ ਲੀਜ ਪ੍ਰਾਪਤ ਕਰਨ ਦਾ ਸਮਾਂ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਸੁਰੂ ਹੋਣਾ ਚਾਹੀਦਾ ਹੈ । ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਪੈਟਰੋਲ ਪੰਪ ਦੀਆਂ ਸਾਈਟਾਂ ਦੇ ਅਲਾਟੀਆਂ ਨੂੰ ਲੋੜੀਦੀਆਂ ਪ੍ਰਵਾਨਗੀਆਂ ਲੈਣ ਲਈ 6 ਮਹੀਨੇ ਦਾ ਸਮਾਂ ਦੇ ਦਿੱਤਾ ਜਾਵੇ ਪਰ ਬਣਦੀ ਜਮਾਨਤੀ ਰਕਮ ਐਲ.ਓ.ਆਈ. ਜਾਰੀ ਹੋਣ ਦੀ ਮਿਤੀ ਤੋ 30 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣ ਯੋਗ ਹੋਵੇਗੀ । ਐਲ.ਓ.ਆਈ. ਜਾਰੀ ਕਰਨ ਲੱਗਿਆ ਅਲਾਟੀ ਨੂੰ ਸਾਈਟ ਦਾ ਜੋਨਿੰਗ ਪਲਾਨ ਆਦਿ ਵੀ ਜਾਰੀ ਕਰ ਦਿੱਤਾ ਜਾਵੇ ਤਾਂ ਜੋ ਉਹ ਸਬੰਧਤ ਵਿਭਾਗਾਂ ਤੋ ਲੋੜੀਦੀ ਪ੍ਰਵਾਨਗੀ ਪ੍ਰਾਪਤ ਕਰ ਸਕੇ । ਜਦੋ ਅਲਾਟੀ ਸਬੰਧਤ ਵਿਭਾਗਾਂ ਤੋ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰ ਲਵੇਗਾ ਤਾਂ ਗਮਾਡਾ ਵੱਲੋ ਅਲਾਟਮੈਂਟ ਪੱਤਰ ਜਾਰੀ ਕਰ ਦਿੱਤਾ ਜਾਵੇ ਅਤੇ ਨਾਲ ਹੀ ਭੌ ਦਾ ਕਬਜਾ ਸੌਪ ਦਿੱਤਾ ਜਾਵੇ । ਭੌ ਦੀ ਲੀਜ ਅਲਾਟਮੈਂਟ ਪੱਤਰ ਦੀ ਜਾਰੀ ਕਰਨ ਦੀ ਮਿਤੀ ਤੋ ਸੁਰੂ ਹੋਵੇਗੀ ।-<br>ਇਹ ਫੈਸਲਾ ਸ੍ਰੀਮਤੀ ਬ੍ਰਿਜ ਮਹਿੰਦਰਾ ਨੂੰ ਪੈਟਰੋਲ ਪੰਪ ਲਈ ਅਲਾਟ ਕੀਤੀ ਗਈ ਭੌ ਜਿਸਦਾ ਇਸ ਮੱਦ ਵਿਚ ਹਵਾਲਾ ਦਿੱਤਾ ਗਿਆ ਹੈ ਤੇ ਵੀ ਲਾਗੂ ਹੋਵੇਗਾ । | ਨੋਟ ਕੀਤਾ ਗਿਆ । ਅਥਾਰਿਟੀ ਦੇ ਫੈਸਲੇ ਅਨੁਸਾਰ ਪੱਤਰ ਨੰ: 16364-65, ਮਿਤੀ 9-12-10 ਰਾਹੀਂ ਵਧੀਕ ਮੁੱਖ ਪ੍ਰਸਾਸਕ/ਮਿ:ਅ; ਨੂੰ ਹਦਾਇਤਾ ਜਾਰੀ ਕਰ ਦਿੱਤੀਆ ਗਈਆ ਹਨ। |
| 8.07 | Execution of External Development works by M/s Shipra Estates Limited the promoters of Industrial Park Mega Projects at Village Nagla Tehsil Derabassi, SAS Nagar against EDC Charges. | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮ੍ਹਾਂ ਕਰਵਾਈ ਈ.ਡੀ.ਸੀ. ਵਿਚੋਂ ਕੀਤੀ ਜਾਵੇਗੀ। ਜੇਕਰ ਜਮ੍ਹਾਂ ਕਰਵਾਈ ਈ.ਡੀ.ਸੀ. ਤੋਂ ਵੱਧ ਰਕਮ ਦੀ ਲੋੜ ਹੈ ਤਾਂ ਇਹ ਵਧੀ ਹੋਈ ਰਕਮ ਪਰਮੋਟਰ ਵੱਲੋਂ ਜਮ੍ਹਾਂ ਕਰਵਾਈ ਜਾਵੇਗੀ ਜਿਸ ਦਾ ਕ੍ਰੇਡਿਟ ਉਸ ਨੂੰ ਭਵਿੱਖ ਦੀ ਈ.ਡੀ.ਸੀ. ਵਿਚੋਂ ਦਿੱਤਾ ਜਾਵੇਗਾ । ਇਹ ਸੁਵਿਧਾ ਸ਼ਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿੱਤੀ ਜਾਵੇਗੀ । | ਨੋਟ ਕੀਤਾ ਗਿਆ। ਅਥਾਰਿਟੀ ਦੀ ਮੀਟਿੰਗ ਵਿੱਚ ਕੀਤੇ ਗਏ ਫੈਸਲੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ। |
| | | | |

| | | | |
|---|---|---|---|
| 8.08 | ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਮੋਹਾਲੀ ਨੂੰ ਗਮਾਡਾ ਵਲੋਂ ਦਿੱਤੀ ਗਈ 10.00 ਕਰੋੜ ਰੁਪਏ ਦੀ ਗਰਾਂਟ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ। | ਪ੍ਰਵਾਨ ਹੈ । | ਅਥਾਰਿਟੀ ਦੇ ਫੈਸਲੇ ਨੂੰ ਨੋਟ ਕਰ ਲਿਆ ਗਿਆ ਹੈ। |
| 8.09 | ਸਹਿਰੀ ਮਿਲਖਾਂ ਵਿਚ ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਭੌਂ ਅਲਾਟ ਕਰਨ ਬਾਰੇ । | ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਕੋਅਪਰੇਟਿਵ ਸੋਸਾਇਟੀਆਂ ਲਈ ਭੌਂ ਅਲਾਟ ਕਰਨ ਦੀ ਪਾਲਿਸੀ ਤੋ ਹੱਟ ਕੇ ਭੌਂ ਰਿਜਰਵ ਕੀਮਤ ਤੇ ਕੇਸ ਟੂ ਕੇਸ ਬੇਸਿਸ ਤੇ ਚੇਅਰਮੈਨ ਗਮਾਡਾ ਜੀ ਦੀ ਪ੍ਰਵਾਨਗੀ ਨਾਲ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ । | ਨੋਟ ਕੀਤਾ ਗਿਆ । |
| 8.10 | Execution of External Development Works by M/s Omaxe Chandigarh Extension Developers Pvt.Ltd. formerly M/s Golden Peak Township Pvt.Ltd. the promoters of Mega Project at Village Kansala, Parol, Kartarpur, Rani Majra, Takipur, Boothgarh, Dhode Majra, Rasoolpur and Bhagar Majra and Mullanpur against EDC. | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌਂ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮ੍ਹਾਂ ਕਰਵਾਈ ਈ.ਡੀ.ਸੀ. ਵਿਚੋਂ ਕੀਤੀ ਜਾਵੇਗੀ । ਜੇਕਰ ਜਮ੍ਹਾਂ ਕਰਵਾਈ ਈ.ਡੀ.ਸੀ. ਤੋਂ ਵੱਧ ਰਕਮ ਦੀ ਲੋੜ ਹੈ ਤਾਂ ਇਹ ਵੱਧੀ ਹੋਈ ਰਕਮ ਪ੍ਰਮੋਟਰ ਵੱਲੋਂ ਜਮ੍ਹਾਂ ਕਰਵਾਈ ਜਾਵੇਗੀ ਜਿਸ ਦਾ ਕ੍ਰੇਡਿਟ ਉਸ ਨੂੰ ਭਵਿੱਖ ਦੀ ਈ.ਡੀ.ਸੀ. ਵਿਚੋਂ ਦਿੱਤਾ ਜਾਵੇਗਾ । ਇਹ ਸੁਵਿਧਾ ਸਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿੱਤੀ ਜਾਵੇਗੀ । | ਨੋਟ ਕੀਤਾ ਗਿਆ। ਅਥਾਰਿਟੀ ਦੇ ਫੈਸਲੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ। |
| 8.11 | ਮੋਹਾਲੀ ਦੇ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ। | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਮੁਹਾਲੀ ਦੇ ਨੇੜਲੇ ਪਿੰਡ ਕੁੰਬੜਾ ਅਤੇ ਕੰਬਾਲੀ ਵਿਖੇ ਵਿਕਾਸ ਕਾਰਜਾ ਨੂੰ ਆਰੰਭਣ ਲਈ ਫੰਡਸ ਦੀ ਪਹਿਲੀ ਕਿਸਤ 27 ਲੱਖ ਅਤੇ 18 ਲੱਖ ਰੁਪਏ ਕਾਰਜਕਾਰੀ ਇੰਜੀਨੀਅਰ ਪੰਜਾਬ ਲੋ.ਨਿ.ਵਿ. ਪੰਚਾਇਤੀ ਰਾਜ ਨੂੰ ਰਲੀਜ ਕਰ ਦਿੱਤੀ ਗਈ ਹੈ। |
| 8.12 | ਮੋਹਾਲੀ ਮਾਸਟਰ ਪਲੈਨ ਦੀਆਂ ਗਰਿੱਡ ਰੋਡਜ ਤੋਂ ਬਰਸਾਤੀ ਪਾਣੀ ਦੇ ਨਿਕਾਸ ਲਈ ਬਣਾਈ ਜਾਣ ਵਾਲੀ ਸਕੀਮ ਨੂੰ ਚਾਲੂ ਕਰਨ ਲਈ ਲੋੜੀਂਦੀ ਭੌਂ ਅਕਵਾਇਰ ਕਰਨ ਸਬੰਧੀ । | ਪ੍ਰਵਾਨ ਕੀਤਾ ਗਿਆ । | ਪੱਤਰ ਨੰ: 5053, ਮਿਤੀ 25-11-2010 ਰਾਹੀਂ ਜਿਲ੍ਹਾ ਨਗਰ ਯੋਜਨਾਕਾਰ ਨੂੰ ਲੋੜੀਂਦੀ ਭੌਂ ਦੇ ਖਸਰਿਆਂ ਦੀ ਪਹਿਚਾਣ ਕਰਕੇ ਭੌਂ ਪ੍ਰਾਪਤੀ ਕੁਲੈਕਟਰ, ਗਮਾਡਾ ਨੂੰ ਅਗਲੇਰੀ ਕਾਰਵਾਈ ਕਰਨ ਹਿਤ ਭੇਜਣ ਲਈ ਲਿਖ ਦਿੱਤਾ ਗਿਆ ਹੈ। |
| | | | |

| | | | |
|---|---|---|---|
| 8.13 | ਸਹਿਰੀ ਮਿਲਖ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਚ ਪੈਂਦੇ ਪਿੰਡ ਮਦਨਪੁਰਾ ਨੂੰ ਬੁਨਿਆਦੀ ਸਹੂਲਤਾਂ ਦੇਣ ਸਬੰਧੀ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਲੜੀ ਨੰ: 1,3, 4, 5 ਅਤੇ 6 ਤੇ ਦਿੱਤੀਆਂ ਤਜਵੀਜਾਂ ਪ੍ਰਵਾਨ ਕੀਤੀਆਂ ਗਈਆਂ। ਲੜੀ ਨੰ: 2 ਸਬੰਧੀ ਫੈਸਲਾ ਕੀਤਾ ਗਿਆ ਕਿ ਮਦਨਪੁਰਾ ਪਿੰਡ ਦੇ ਵਿਕਾਸ ਤੇ ਆਉਣ ਵਾਲਾ ਖਰਚਾ ਗਮਾਡਾ ਵਲੋਂ ਕੀਤਾ ਜਾਵੇਗਾ। | ਅਥਾਰਟੀ ਦੇ ਫੈਸਲੇ ਅਨੁਸਾਰ ਸਿਧਾਂਤਕ ਪ੍ਰਵਾਨਗੀ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਸਬੰਧਤ ਕਾਰਜਕਾਰੀ ਇੰਜੀਨੀਅਰਜ ਨੂੰ ਮਿਤੀ 30-11-2010 ਨੂੰ ਜਾਰੀ ਕਰ ਦਿੱਤੀ ਗਈ ਅਤੇ ਉਨ੍ਹਾਂ ਨੂੰ ਵਾਟਰ ਸਪਲਾਈ ਅਤੇ ਸੀਵਰੇਜ ਦੇ ਤਖਮੀਨੇ ਆਪਣੇ ਵਿਭਾਗ ਦੇ ਸਮਰੱਥ ਅਧਿਕਾਰੀ ਤੋਂ ਪ੍ਰਸਾਸਕੀ ਪ੍ਰਵਾਨੀ ਅਤੇ ਤਕਨੀਕੀ ਮੰਨਜੂਰੀ ਕਰਵਾਉਣ ਲਈ ਲਿਖ ਦਿੱਤਾ ਗਿਆ ਸੀ । |
| 8.14 | ਮੁੱਲਾਂਪੁਰ ਸਹਿਰੀ ਮਿਲਖ ਦੀ ਸਥਾਪਨਾ ਲਈ ਭੋਂ ਪ੍ਰਾਪਤ ਕਰਨ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਨੋਟ ਕੀਤਾ ਗਿਆ। ਅਥਾਰਿਟੀ ਦੇ ਫੈਸਲੇ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ। |
| 8.15 | 13 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਲੈਟਰ ਆਫ ਇੰਟੈਂਟ ਦੀਆਂ ਸਰਤਾਂ ਅਨੁਸਾਰ ਭੋਂ ਦੀ ਅਲਾਟਮੈਂਟ ਕਰਨ ਬਾਰੇ। | ਸਾਲ 2003 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਭੋਂ ਅਲਾਟ ਕਰਨ ਲਈ ਬਿਨੈ ਪੱਤਰ ਮੰਗੇ ਗਏ ਸਨ ਅਤੇ 13 ਸੋਸਾਇਟੀਆਂ ਨੂੰ ਭੋਂ ਦੀ ਅਲਾਟਮੈਂਟ ਕੀਤੀ ਗਈ ਸੀ ਪਰ ਸਾਲ 2006 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਨਵੀਂ ਉਲੀਕੀ ਗਈ ਪਾਲਿਸੀ ਅਨੁਸਾਰ ਬੋਲੀ ਰਾਹੀ ਭੋਂ ਦੀ ਅਲਾਟਮੈਂਟ ਕੀਤੀ ਜਾਣੀ ਬਣਦੀ ਸੀ । ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹਨਾਂ ਸੋਸਾਇਟੀਆਂ ਨੂੰ ਭੋਂ ਨਾ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਇਹਨਾਂ ਸੋਸਾਇਟੀਆਂ ਵੱਲੋਂ ਜਮ੍ਹਾ ਕਰਵਾਈ ਗਈ ਬਿਆਨਾ ਰਕਮ ਵੀ ਵਾਪਿਸ ਕਰ ਦਿੱਤੀ ਗਈ ਸੀ । ਇਹਨਾਂ ਸੋਸਾਇਟੀਆਂ ਵੱਲੋਂ ਨਰਮੀ ਦਾ ਵਤੀਰਾ ਵਰਤਦੇ ਹੋਏ ਭੋਂ ਅਲਾਟ ਕਰਨ ਲਈ ਬਿਨੈਪੱਤਰ ਦਿੱਤੇ ਗਏ ਸਨ ਜਿਹਨਾਂ ਨੂੰ sympatheticaly ਵਿਚਾਰਦੇ ਹੋਏ ਇਹਨਾਂ ਸੋਸਾਇਟੀਆਂ ਨੂੰ ਪਾਲਿਸੀ ਤੋ ਹਟ ਕੇ ਭੋਂ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਐਲ.ਓ.ਆਈ ਜਾਰੀ ਕਰਨ ਲੱਗਿਆਂ ਸ਼ਰਤ ਲਗਾਈ ਗਈ ਸੀ ਕਿ ਸੋਸਾਇਟੀ ਕੇਵਲ ਉਹਨਾਂ ਮੈਂਬਰਾਂ ਨੂੰ ਹੀ ਫਲੈਟ ਅਲਾਟ ਕਰੇਗੀ ਜਿਹਨਾਂ ਦੀ ਸੂਚੀ ਦਫਤਰ ਨੂੰ ਪਹਿਲਾਂ ਦਿੱਤੀ ਗਈ ਸੀ । ਅਥਾਰਟੀ ਨੇ ਮਹਿਸੂਸ ਕੀਤਾ ਕਿ ਸੋਸਾਇਟੀਆਂ ਵੱਲੋਂ ਮੈਂਬਰਾਂ ਦੀ ਬਦਲੀ ਕਰਦੇ ਹੋਏ ਨਵੇਂ ਮੈਬਰ ਰੱਖ ਲਏ ਗਏ ਹਨ । ਜੇਕਰ ਸੋਸਾਇਟੀਆਂ ਵੱਲੋਂ original ਮੈਂਬਰਾਂ ਦੀ ਥਾਂ ਤੇ ਦੂਸਰੇ ਮੈਂਬਰ ਬਦਲੀ ਕੀਤੇ ਜਾਂਦੇ ਹਨ ਤਾਂ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਦੇਣਾ ਉਚਿਤ ਨਹੀ ਹੋਵੇਗਾ । ਨਵੇਂ ਮੈਂਬਰ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਭੋਂ ਅਲਾਟ ਕਰਨ ਲਈ ਨਵੀਂ ਪਾਲਿਸੀ ਅਧੀਨ ਹੀ ਭੋਂ ਦੀ ਅਲਾਟਮੈਂਟ ਕਰਵਾ ਸਕਦੇ ਹਨ ਅਤੇ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਨਹੀ ਦਿੱਤਾ ਜਾ ਸਕਦਾ। ਜੇਕਰ ਬਦਲੀ ਕੀਤੇ ਗਏ ਮੈਂਬਰਾਂ ਨੂੰ ਇਹ ਲਾਭ ਦਿੱਤਾ ਜਾਂਦਾ ਹੈ ਤਾਂ | ਅਥਾਰਿਟੀ ਦੇ ਫੈਸਲੇ ਬਾਰੇ ਸਮੂਹ 13 ਸੋਸਾਇਟੀਆ ਨੂੰ ਪੱਤਰ ਮਿਤੀ: 14-12-2010 ਨਾਲ ਸੂਚਿਤ ਕਰ ਦਿੱਤਾ ਗਿਆ ਹੈ। |

| | | | |
|---|---|---|---|
| | | ਇਹ ਦੂਸਰੀਆਂ ਸੋਸਾਇਟੀਆਂ ਅਤੇ ਆਮ ਲੋਕਾਂ ਨਾਲ ਵਿਤੱਕਰਾ ਹੋਵੇਗਾ । ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਸੋਸਾਇਟੀ ਵੱਲੋ ਸਾਲ 2003 ਵਿਚ ਅਰਜੀ ਦੇਣ ਸਮੇਂ ਦੱਸੇ ਗਏ ਅਸਲ ਮੈਂਬਰਾਂ ਨੂੰ ਹੀ ਅਲਾਟਮੈਂਟ ਲਈ ਵਿਚਾਰਿਆ ਜਾਵੇ । ਉਪਰੋਕਤ ਤੋ ਇਲਾਵਾ ਹੇਠ ਲਿਖੇ ਕਾਰਨਾਂ ਕਰਕੇ ਮੈਂਬਰ ਦੇ ਨਾਂ ਵਿਚ ਕੀਤੀ ਤਬਦੀਲੀ ਨੂੰ ਵੀ ਪ੍ਰਵਾਨ ਕਰ ਲਿਆ ਜਾਵੇ :-<br>(i) ਜਿਹਨਾਂ ਕੇਸਾਂ ਵਿਚ ਕਿਸੇ ਅਸਲ ਮੈਂਬਰ ਦੀ ਮੌਤ ਹੋਣ ਤੇ inheritance ਦੁਆਰਾ ਮੈਂਬਰਸਿਪ ਦੀ ਬਦਲੀ ਕੀਤੀ ਗਈ ਹੋਵੇ ।<br>(ii) ਜੇਕਰ ਕਿਸੇ ਮੈਂਬਰ ਵੱਲੋਂ ਆਪਣੇ ਪਰਿਵਾਰ ਦੇ ਵਿੱਚ ਮੈਂਬਰਸਿਪ ਦੀ ਤਬਦੀਲੀ ਕੀਤੀ ਗਈ ਹੋਵੇ । ਪਰਿਵਾਰ ਦੀ ਪਰਿਭਾਸਾ ਵਿਚ ਪਤੀ,ਪਤਨੀ, ਪੁੱਤਰ ਅਤੇ ਪੁੱਤਰੀ ਹੋਣਗੇ । ਜਿਸਦੇ ਨਾਂ ਤੇ ਮੈਂਬਰਸਿਪ ਦੀ ਤਬਦੀਲੀ ਕੀਤੀ ਹੈ, ਉਹ ਅਲਾਟਮੈਂਟ ਦੀਆਂ ਲੋੜੀਦੀਆਂ ਸਰਤਾਂ ਪੂਰੀਆਂ ਕਰਦਾ ਹੋਵੇ । | |
| 8.16 | ਐਸ.ਏ.ਐਸ.ਨਗਰ ਮੋਹਾਲੀ ਵਿਖੇ ਬਿਰਧ ਆਸਰਮ ਬਣਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਬਾਰੇ ਡੀ.ਟੀ.ਪੀ. ਮੋਹਾਲੀ ਨੂੰ ਲੋੜੀਂਦੀ ਜਗ੍ਹਾ ਈਅਰ ਮਾਰਕ ਕਰਨ ਲਈ ਲਿਖ ਦਿੱਤਾ ਗਿਆ ਹੈ ਅਤੇ ਪੀ.ਆਈ.ਡੀ.ਬੀ. ਨੂੰ ਪੱਤਰ ਨੰ:6507, ਮਿਤੀ 22-12-2010 ਨਾਲ ਮੱਦ ਦੇ ਫੈਸਲੇ ਮੁਤਾਬਿਕ ਅਗਲੇਰੀ ਕਾਰਵਾਈ ਆਰੰਭਨ ਲਈ ਕਹਿ ਦਿੱਤਾ ਗਿਆ ਹੈ । |
| 8.17 | ਕੁਰਾਲੀ ਵਿਖੇ ਬਕਾਇਆ ਰਹਿੰਦੇ ਰਕਬੇ ਵਿਚ ਵਾਟਰ ਸਪਲਾਈ ਸਿਸਟਮ ਲਗਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਕੰਮ ਦੀ 478.63 ਲੱਖ ਰੁਪਏ ਦੀ ਪ੍ਰਸਾਸਕੀ ਪ੍ਰਵਾਨਗੀ ਪ੍ਰਾਪਤ ਹੋ ਗਈ ਹੈ। ਇਸ ਕੰਮ ਦਾ ਵਿਸਤ੍ਰਿਤ ਤਖਮੀਨਾ ਅਤੇ ਦੋ ਨੰਬਰ ਟਿਊਬਵੈੱਲਾਂ ਦੀ ਡੀ.ਐਨ.ਆਈ.ਟੀ.ਤਿਆਰ ਕਰ ਦਿੱਤੀ ਗਈ ਹੈ ਜੋ ਕਿ ਪ੍ਰਵਾਨਗੀ ਅਧੀਨ ਹੈ । |
| 8.18 | ਮਿਊਂਨਸਿਪਲ ਕੌਂਸਲ ਐਸ.ਏ.ਐਸ.ਨਗਰ ਨੂੰ ਫੇਜ-7 ਵਿਖੇ ਪੁਰਾਣੀ ਸੀਵਰੇਜ ਪਾਈਪ ਬਦਲਣ ਲਈ ਫੰਡਜ ਉਪਲਬੱਧ ਕਰਵਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਕੰਮ ਲਈ 21.73 ਲੱਖ ਰੁਪਏ ਜਾਰੀ ਕਰ ਦਿੱਤੇ ਗਏ ਹਨ । |

| | | | |
|---|---|---|---|
| 8.19 | ਪਿੰਡ ਕੰਬਾਲੀ ਵਿਖੇ ਟਿਊਬਵੈੱਲ ਲਗਾਉਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । | ਇਸ ਕੰਮ ਦੀ ਪ੍ਰਸਾਸਕੀ ਪ੍ਰਵਾਨਗੀ ਮਿਤੀ 10-12-2010 ਨੂੰ ਪ੍ਰਾਪਤ ਹੋ ਗਈ ਹੈ । ਟਿਊਬਵੈੱਲ ਲਗਾਉਣ ਲਈ ਟੈਂਡਰ ਮਿਤੀ 21-12-2010 ਨੂੰ ਪ੍ਰਾਪਤ ਕਰ ਲਏ ਗਏ ਹਨ ਜੋ ਕਿ ਪ੍ਰਵਾਨਗੀ ਅਧੀਨ ਹਨ । |
| 8.20 | ਗਮਾਡਾ ਵਲੋਂ ਸੈਕਟਰ-68 ਵਿਖੇ ਉਸਾਰੇ ਗਏ ਰੀਡਿੰਗ ਰੂਮ ਨੂੰ ਮੋਹਾਲੀ ਸੀਨੀਅਰ ਸਿਟੀਜਨ ਐਸੋਸੀਏਸਨ(ਰਜਿ:) ਨੂੰ ਹੈਂਡ ਓਵਰ ਕਰਨ ਸਬੰਧੀ । | ਵਿਚਾਰ-ਵਟਾਂਦਰੇ ਉਪਰੰਤ ਮੋਹਾਲੀ ਸੀਨੀਅਰ ਸਿਟੀਜਨ ਐਸੋਸੀਏਸਨ ਰਜਿਸਟਰਡ ਨੂੰ ਸਿਟੀ ਪਾਰਕ, ਸੈਕਟਰ 68 ਵਿਖੇ ਉਸਾਰੇ ਗਏ ਰੀਡਿੰਗ ਰੂਮ ਦੀ ਦੇਖਭਾਲ ਕਰਨ ਲਈ ਉਹਨਾਂ ਨੂੰ ਅਜੰਡੇ ਵਿਚ ਦਰਸਾਈਆਂ ਸਰਤਾਂ (i), (ii) ਅਤੇ (iv) ਤੇ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਮੱਦ ਦੇ ਲੜੀ ਨੰਬਰ (iii) ਸਬੰਧੀ ਬਿਲਡਿੰਗ ਦੀ periodic ਰਿਪੇਅਰ ਪੀ.ਡਬਲਿਯੂ.ਡੀ ਨਾਰਮਜ ਅਨੁਸਾਰ ਗਮਾਡਾ ਵੱਲੋ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ । ਬਿਜਲੀ ਅਤੇ ਪਾਣੀ ਦੇ ਬਿਲ੍ਹਾਂ ਦੀ ਅਦਾਇਗੀ, ਲਾਨਜ ਦੀ ਮੇਨਟੇਨੈਂਸ, ਅਖਬਾਰਾ, ਮੈਗਜੀਨ ਅਤੇ ਕਿਤਾਬਾਂ ਦੀ ਖਰੀਦ ਤੇ ਆਉਣ ਵਾਲੇ ਖਰਚੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਮਹੀਨਾਵਾਰ ਫਿਕਸ ਗਰਾਂਟ ਦੇਣ ਲਈ ਰਕਮ ਦਾ ਫੈਸਲਾ ਕਰਨ ਦੇ ਅਧਿਕਾਰ ਮੁੱਖ ਪ੍ਰਸਾਸਕ, ਗਮਾਡਾ ਨੂੰ ਦਿੱਤੇ ਗਏ । | ਨੋਟ ਕੀਤਾ ਗਿਆ। ਅਥਾਰਿਟੀ ਦੇ ਫੈਸਲੇ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। |
| 8.21 | ਐਰੋ ਸਿਟੀ ਲਈ ਪ੍ਰਾਪਤ ਕੀਤੀ ਗਈ ਭੋਂ ਵਿਚ ਭੋਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਬਾਰੇ । | ਵਿਚਾਰ ਵਟਾਂਦਰੇ ਉਪਰੰਤ ਏਜੰਡੇ ਵਿੱਚ ਪੈਰਾ-1 ਤੋ 5 ਤੱਕ ਦਿੱਤੀਆਂ ਆਪਸਨਾਂ ਪ੍ਰਵਾਨ ਕੀਤੀਆਂ ਗਈਆਂ । ਏਜੰਡੇ ਦੇ ਪੈਰ੍ਹਾ-6 ਸਬੰਧੀ ਫੈਸਲਾ ਕੀਤਾ ਗਿਆ ਕਿ ਇਹਨਾਂ ਦੋ ਕੇਸਾਂ ਦੇ ਭੋਂ ਮਾਲਕਾਂ ਨੂੰ ਮਿਲਖ ਅਫਸਰ, ਗਮਾਡਾ ਮੁਹਾਲੀ ਲੋੜੀਦੀ ਪਾਲਿਸੀ ਸਬੰਧੀ ਦਫਤਰ ਵਿਚ ਬੁਲਾ ਕੇ ਜਾਣਕਾਰੀ ਦਿੰਦੇ ਹੋਏ ਉਹਨਾਂ ਵੱਲੋਂ ਓ, ਅ, ੲ ਅਤੇ ਸ ਵਿਚੋ ਆਪਸਨ ਲੈ ਲਈ ਜਾਵੇ ਅਤੇ ਸਹਿਮਤੀ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇ । | ਐਰੋਸਿਟੀ ਲਈ ਪ੍ਰਾਪਤ ਕੀਤੀ ਗਈ ਭੋਂ ਦੇ ਮਾਲਕਾਂ ਤੋਂ ਲੈਂਡ ਪੂਲਿੰਗ ਸਕੀਮ ਤਹਿਤ ਪਲਾਟਾਂ ਲਈ ਆਪਸਨਾਂ ਪ੍ਰਾਪਤ ਹੋ ਗਈਆਂ ਹਨ ਜੋ ਕਿ ਵਿਚਾਰ ਅਧੀਨ ਹਨ। ਜੋ ਭੋਂ ਮਾਲਕ 49 ਵ:ਗ :ਭੋਂ ਲਈ ਯੋਗਤਾ ਰੱਖਦੇ ਹਨ, ਨੂੰ ਦਫਤਰ ਵਿਚ ਬੁਲਾਕੇ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਆਪਸਨ ਬਾਰੇ ਦਸ ਦਿੱਤਾ ਗਿਆ ਹੈ ਅਤੇ ਉਹਨਾਂ ਵਲੋਂ ਦਿੱਤੀਆਂ ਸਹਿਮਤੀਆਂ ਵਿਚਾਰ ਅਧੀਨ ਹਨ । |
| 8.22 | 200 ਫੁੱਟ ਚੌੜੀ ਸੜਕ ਦੇ ਦੋਵੇਂ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ ਸੈਕਟਰ-66-66ਏ ਤੋਂ ਛੱਤ ਐਨ.ਐਚ.-64 ਤੱਕ 771.34 ਏਕੜ ਭੋਂ ਪ੍ਰਾਪਤੀ ਸਬੰਧੀ ਪਿੰਡ ਨਰੈਣਗੜ੍ਹ ਝੂੰਗੀਆਂ ਦੀ ਆਬਾਦੀ ਦੇ ਨਾਲ ਲਗਦੇ ਮਕਾਨਾਂ ਜੋ ਕਿ ਮੌਜਾ ਪਿੰਡ ਛੱਤ ਵਿਚ | ਪ੍ਰਵਾਨ ਹੈ । | ਨੋਟ ਕੀਤਾ ਗਿਆ। ਅਥਾਰਿਟੀ ਦੇ ਫੈਸਲੇ ਅਨੁਸਾਰ ਸਰਕਾਰ ਨੂੰ ਲਿਖਿਆ ਜਾ ਚੁੱਕਾ ਹੈ। |

| | | | |
|---|---|---|---|
| | ਪੈਂਦੇ ਹਨ, ਨੂੰ ਭੌਂ ਪ੍ਰਾਪਤੀ ਤੋਂ ਛੋਟ ਦੇਣ ਬਾਰੇ । | | |
| 8.23 | ਸਹਿਰੀ ਮਿਲਖ ਮੋਹਾਲੀ ਸੈਕਟਰ-66-66ਏ ਤੋਂ ਐਨ.ਐਚ.64 ਤੱਕ ਐਰੋਸਿਟੀ ਲਈ ਪ੍ਰਾਪਤ ਕੀਤੀ ਭੌਂ ਵਿਚ ਕਟ ਆਫ ਡੇਟ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਨੂੰ ਲੈਂਡ ਪੂਲਿੰਗ ਸਕੀਮ ਲਈ ਵਿਚਾਰਣ ਸਬੰਧੀ । | ਅਥਾਰਟੀ ਨੇ ਮਹਿਸੂਸ ਕੀਤਾ ਕਿ ਰਾਜ ਵਿਚ ਲੈਂਡ ਪੂਲਿੰਗ ਸਕੀਮ ਇਸ ਪੈਮਾਨੇ ਤੇ ਪਹਿਲੀ ਵਾਰ ਲਾਗੂ ਕੀਤੀ ਗਈ ਹੈ ਜਿਸ ਕਰਕੇ ਭੌਂ ਮਾਲਕਾਂ ਨੂੰ ਇਸ ਸਕੀਮ ਦੇ ਪੂਰੇ ਤੱਥਾਂ ਬਾਰੇ ਜਾਣਕਾਰੀ ਨਹੀ ਸੀ ਜਿਸ ਕਰਕੇ ਉਹ ਮਿੱਥੇ ਸਮੇਂ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਆਪਣੀ ਆਪਸਨ ਨਹੀ ਦੇ ਸਕੇ। ਜੇਕਰ ਭੌਂ ਮਾਲਕਾਂ ਦੀ ਮੰਗ ਅਨੁਸਾਰ ਜਿਹਨਾਂ ਭੌਂ ਮਾਲਕਾਂ ਨੇ ਮੁਆਵਜਾ ਨਹੀ ਚੁੱਕਿਆ ਨੂੰ ਲੈਂਡ ਪੂਲਿੰਗ ਸਕੀਮ ਲਈ ਮਿੱਥੀ ਮਿਤੀ ਤੋਂ ਬਾਅਦ ਦਿੱਤੀ ਗਈ ਆਪਸਨ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਇਸ ਨਾਲ ਲੋਕਾਂ ਵਿਚ ਸਰਕਾਰ ਅਤੇ ਗਮਾਡਾ ਦਾ ਚੰਗਾਂ ਅਸਰ ਪਵੇਗਾ ਅਤੇ ਭੱਵਿਖ ਵਿੱਚ ਇਸ ਸਕੀਮ ਅਧੀਨ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਨੂੰ ਚੰਗਾ ਹੁੰਗਾਰਾਂ ਮਿਲੇਗਾ । ਇਸਦੇ ਨਾਲ ਹੀ ਭੌਂ ਮਾਲਕਾਂ ਦੇ ਹਿੱਤਾਂ ਦਾ ਨੁਕਸਾਨ ਨਹੀ ਹੋਵੇਗਾ । ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਅਨੁਲੱਗ ਅ ਵਿਚ ਦਰਸਾਏ ਭੌਂ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਅਧੀਨ ਲਾਭ ਲੈਣ ਲਈ ਆਗਿਆ ਦੇ ਦਿੱਤੀ ਜਾਵੇ । ਪਰ ਇਹ ਫੈਸਲਾ ਭੱਵਿਖ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਭੌਂ ਪ੍ਰਾਪਤ ਕਰਨ ਲਈ ਉਦਾਹਰਣ ਨਹੀ ਬਣੇਗਾ । ਅਥਾਰਟੀ ਨੇ ਮੱਦ ਤੇ ਪੈਰਾ 12 ਵਿਚ ਦਰਸਾਈ ਮੈਸਰਜ ਨੈਕਟਰ ਲਾਇਫ ਸੈਨਜ ਲਿਮਟਿਡ ਦੀ ਪ੍ਰਤੀ ਬੇਨਤੀ ਤੇ ਦਫਤਰ ਵੱਲੋ ਕੀਤੀ ਗਈ ਕਾਰਵਾਈ ਦੀ ਪ੍ਰੋੜਤਾ ਕੀਤੀ। | ਲੈਂਡ ਪੂਲਿੰਗ ਸਕੀਮ ਤਹਿਤ ਭੌਂ ਮਾਲਕਾਂ ਵਲੋਂ ਦਿੱਤੀਆਂ ਗਈਆਂ ਸਹਿਮਤੀਆਂ ਅਨੁਸਾਰ ਉਨ੍ਹਾਂ ਤੋਂ ਆਪਸਨਾਂ ਦੀ ਮੰਗ ਕਰਨ ਵਾਸਤੇ ਕਾਰਵਾਈ ਕਰਨ ਲਈ ਕੇਸ ਮਿਲਖ ਦਫਤਰ ਨੂੰ ਭੇਜ ਦਿੱਤਾ ਗਿਆ ਹੈ। |
| ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੀ ਮੱਦ ਤੇ ਵਿਚਾਰ ਕੀਤਾ ਗਿਆ :- | ਸੈਕਟਰ 77 ਵਿਚ ਮਾਹਰਾਜਾ ਰਣਜੀਤ ਸਿੰਘ ਅਕੈਡਮੀ ਨੂੰ ਵਾਧੂ ਜਮੀਨ ਦੀ ਅਲਾਟਮੈਂਟ ਕਰਨ ਬਾਰੇ: | ਮਾਨਯੋਗ ਮੁੱਖ ਮੰਤਰੀ ਜੀ ਵੱਲੋ ਮੀਟਿੰਗ ਵਿਚ ਇਹ ਧਿਆਨ ਵਿਚ ਲਿਆਂਦਾ ਕਿ ਸੈਕਟਰ 77 ਵਿਚ ਜਿਸ ਜਗ੍ਹਾ ਤੇ ਮਾਹਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪਰੈਪਰੇਟਰੀ ਇੰਨਸਟੀਟਿਊਟ, ਸੈਕਟਰ 77 ਐਸ ਏ ਐਸ ਨਗਰ ਉਸਾਰੀ ਜਾ ਰਹੀ ਹੈ, ਜਿਸਦਾ ਉਹਨਾਂ ਵੱਲੋਂ ਮੌਕਾ ਵੇਖਿਆ ਗਿਆ ਸੀ । ਉਹਨਾਂ ਦੱਸਿਆ ਕਿ ਮੁਨਾਸਿਬ ਹੋਵੇ ਜੇਕਰ ਉਸਦੇ ਨਾਲ ਲਗਦੀ ਖਾਲੀ ਭੌਂ ਜੋਕਿ ਅਜੇ ਤੱਕ ਕਿਸੇ ਨੂੰ ਅਲਾਟ ਨਹੀ ਕੀਤੀ ਗਈ ਇਸ ਨਾਲ ਆਉਣ ਵਾਲੇ ਸਮੇਂ ਵਿਚ ਇਨਸਟੀਟਿਊਟ ਦੀਆਂ ਲੋੜਾਂ ਪੂਰੀਆਂ ਹੋ ਸਕਣਗੀਆਂ। ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਇਨਸਟੀਟਿਊਟ ਦੇ ਨਾਲ ਲਗਦੀ ਖਾਲੀ ਭੌਂ ਨੂੰ ਪਹਿਲਾਂ ਵਾਲੀਆਂ ਸਰਤਾਂ ਤੇ ਅਲਾਟ ਕਰ ਦਿੱਤਾ ਜਾਵੇ । | ਪੱਤਰ ਨੰ:17050 ਮਿਤੀ 21-12-2010 ਰਾਹੀਂ ਵਾਧੂ ਭੌਂ ਅਲਾਟ ਕਰਨ ਲਈ ਮਿਲਖ ਅਫਸਰ ਨੂੰ ਹਦਾਇਤਾ ਜਾਰੀ ਕਰ ਦਿੱਤੀਆਂ ਗਈਆਂ ਹਨ। |
| | | | |

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ, ਪੁੱਡਾ ਭਵਨ, ਸੈਕਟਰ-62,
ਐਸ.ਏ.ਐਸ.ਨਗਰ।

( ਮੀਟਿੰਗਜ ਅਤੇ ਕੋਆਰਡੀਨੇਸਨ ਸਾਖਾ )

ਅਜੰਡਾ ਆਈਟਮ ਨੰ:9.03

( ਅਥਾਰਿਟੀ ਦੀ ਮੀਟਿੰਗ )

ਵਿਸਾ:- ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਜੋ ਮਿਤੀ 15-12-2010 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਬਾਰੇ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ( ਕਮੇਟੀਜ ਐਂਡ ਕੰਡਕਟ ਆਫ ਬਿਜਨੈਸ ) ਰੈਗੂਲੇਸ਼ਨ 2006 ਅਨੁਸਾਰ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਜੋ ਮਿਤੀ 15-12-2010 ਨੂੰ ਹੋਈ ਸੀ ਵਿਚ ਲਏ ਗਏ ਫੈਸਲੇ ਜੋ ਕ੍ਰਮਵਾਰ (ਅਨੁਲੱਗ-'ੳ') ਤੇ ਹੈ, ਦੀ ਕਾਰਵਾਈ ਰੈਟੀਫਿਕੇਸ਼ਨ ਲਈ ਅਥਾਰਿਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 17324-17329 ਮਿਤੀ: 27/12/2010

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਜੋ ਮਿਤੀ 15-12-2010 ਨੂੰ ਸਵੇਰੇ 10:30 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ- ਕਮ-ਚੇਅਰਮੈਨ, ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ।

ਸ ਸੱਚੀ

ਅਮਲਾ ਅਫਸਰ,
ਵਾ: ਵਧੀਕ ਮੁੱਖ ਪ੍ਰਸਾਸਕ (ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 17330 ਮਿਤੀ: 27/12/2010

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਸ ਸੱਚੀ

ਅਮਲਾ ਅਫਸਰ,
ਵਾ: ਵਧੀਕ ਮੁੱਖ ਪ੍ਰਸਾਸਕ (ਮੁ:ਦ:) ।

ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 15-12-10 ਨੂੰ ਸਵੇਰੇ 10-30 ਵਜੇ ਉਹਨਾਂ ਦੇ ਦਫਤਰੀ ਕਮੇਟੀ ਰੂਮ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਡੀ ਐਸ ਗੁਰੂ, ਆਈ ਏ ਐਸ,
ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

3) ਸ੍ਰੀ ਐਸ.ਕੇ ਸ਼ਰਮਾ, ਆਈ.ਏ.ਐਸ.
ਡਾਇਰੈਕਟਰ, ਸਥਾਨਕ ਸਰਕਾਰ,ਪੰਜਾਬ,
ਚੰਡੀਗੜ੍ਹ ।
(ਨੁਮਾਇੰਦਾ ਸਕੱਤਰ, ਸਥਾਨਕ ਸਰਕਾਰ,ਪੰਜਾਬ)

4) ਸ੍ਰੀ ਦਲੀਪ ਕੁਮਾਰ, ਆਈ.ਏ.ਐਸ.,
ਵਿਸੇਸ਼ ਸਕੱਤਰ (ਵਿੱਤ),
(ਨੁਮਾਇੰਦਾ ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।

5) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।

6) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

<u>ਵਿਸ਼ੇਸ਼ ਤੌਰ ਤੇ ਸ਼ਾਮਿਲ ਅਧਿਕਾਰੀ</u>

1) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ.ਏ.ਐਸ,
ਵਧੀਕ ਮੁੱਖ ਪ੍ਰਸਾਸਕ,
ਗਮਾਡਾ, ਮੋਹਾਲੀ।

2) ਸ੍ਰੀ ਰਾਜੇਸ਼ ਸੋਢੀ, ਆਈ.ਆਰ.ਐਸ.,
ਵਧੀਕ ਮੁੱਖ ਪ੍ਰਸਾਸਕ ( ਵਿੱਤ ਤੇ ਲੇਖਾ ),
ਗਮਾਡਾ, ਮੋਹਾਲੀ।

3) ਸ੍ਰੀ ਰਾਜੀਵ ਮੌਦਗਿਲ,
ਮੁੱਖ ਇੰਜੀਨੀਅਰ,
ਗਮਾਡਾ, ਮੋਹਾਲੀ।

4) ਸ੍ਰੀ ਜਤਿੰਦਰ ਮੋਹਨ,
ਨਿਗਰਾਨ ਇੰਜੀਨੀਅਰ ,
ਗਮਾਡਾ, ਮੋਹਾਲੀ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਅਜੰਡਾ ਆਈਟਮ ਨੰ:12.01</u>

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਜੋ ਮਿਤੀ 10.09.2010 ਨੂੰ ਹੋਈ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

<u>ਅਜੰਡਾ ਆਈਟਮ ਨੰ:12.02</u>

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 10.09.2010 ਨੂੰ ਹੋਈ ਗਿਆਰਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।**

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

<u>ਅਜੰਡਾ ਆਈਟਮ ਨੰ:12.03</u>

**ਗਮਾਡਾ ਵਿਚ ਵੱਖ-2 ਕੰਮਾਂ ਲਈ ਟੈਂਡਰ ਪ੍ਰਾਪਤ ਕਰਨ ਲਈ ਨੇੜੇ ਦੀ ਕੁਐਰੀ ਜਿੱਥੋਂ ਮੈਟੀਰੀਅਲ ਉਪਲੱਬਧ ਹੋਵੇ, ਤੋਂ ਰੇਟ ਲੈ ਕੇ ਤਖਮੀਨੇ ਤਿਆਰ ਕਰਨ ਸਬੰਧੀ ।**

ਵਿਚਾਰ-ਵਟਾਂਦਰੇ ਉਪਰੰਤ ਮੱਦ ਨੂੰ ਪ੍ਰਵਾਨ ਕੀਤਾ ਗਿਆ ।

ਇਸਦੇ ਨਾਲ ਹੀ ਨੋਟ ਕੀਤਾ ਗਿਆ ਕਿ PWD (B&R) ਵੱਲੋ ਗਠਿੱਤ ਕੁਆਇਰੀ ਕਮੇਟੀ ਜਦੋ ਵੀ ਆਪਣੀਆਂ ਸਿਫਾਰਸਾਂ ਦਿੰਦੀ ਹੈ ਉਹਨਾਂ ਨੂੰ ਵੀ ਗਮਾਡਾ ਵਿਚ

ਅਡਾਪਟ ਕੀਤਾ ਜਾਵੇਗਾ । ਇਸ ਦੇ ਨਾਲ ਹੀ ਕਮੇਟੀ ਵੱਲੋ ਨੋਟ ਕੀਤਾ ਗਿਆ ਕਿ ਭਵਿੱਖ ਵਿਚ ਮੰਗੇ ਜਣ ਵਾਲੇ ਟੈਂਡਰਾਂ ਵਿਚ ਕੰਡੀਸ਼ਨ ਪਾਈ ਜਾਵੇ ਕਿ ਜਦੋ ਵੀ ਹਾਈਕੋਰਟ ਦੀ ਸਟੇਅ ਖਤਮ ਹੁੰਦੀ ਹੈ ਅਤੇ ਮੰਨਜ਼ੂਰਸ਼ੁਦਾ ਨਜਦੀਕੀ ਕੁਅਇਰੀਆਂ ਤੋਂ ਮਟੀਰੀਅਲ ਮਿਲਣ ਲੱਗ ਜਾਂਦਾ ਹੈ ਤਾਂ ਇਹਨਾਂ ਕੁਆਇਰੀਆਂ ਮੁਤਾਬਿਕ ਠੇਕੇਦਾਰਾਂ ਨੂੰ ਅਦਾਇਗੀ ਕੀਤੀ ਜਾਵੇਗੀ । ਜਿਸ ਬਾਰੇ ਸਬੰਧਤ ਮੰਡਲ ਇੰਜੀਨੀਅਰ ਐਮ.ਬੀ. ਵਿਚ ਸਰਟੀਫੀਕੇਟ ਰਿਕਾਰਡ ਕਰਨਗੇ ।

<u>ਅਜੰਡਾ ਆਈਟਮ ਨੰ:12.04</u>

**ਇੰਨਕਮ ਟੈਕਸ ਵਿਭਾਗ ਵੱਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਸਬੰਧੀ ।**

ਕਾਰਜਕਾਰੀ ਕਮੇਟੀ ਨੇ ਇੰਨਕਮ ਟੈਕਸ ਵਿਭਾਗ ਵੱਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਅਤੇ ਦਫਤਰ ਵੱਲੋਂ ਇਸ ਸਬੰਧੀ ਕੀਤੀ ਗਈ ਕਾਰਵਾਈ ਨੂੰ ਨੋਟ ਕਰਦੇ ਹੋਏ ਇਸ ਦੀ ਪ੍ਰੋੜਤਾ ਕੀਤੀ। ਕਾਰਜਕਾਰੀ ਕਮੇਟੀ ਨੇ ਇੰਨਕਮ ਟੈਕਸ ਵਿਭਾਗ ਨਾਲ ਅਤੇ ਹੋਰ ਅਦਾਲਤਾਂ ਵਿਚ ਇਹਨਾਂ ਕੇਸਾਂ ਨੂੰ ਠੋਸ ਤਰੀਕੇ ਨਾਲ ਡਿਫੈਂਡ ਕਰਨ ਲਈ ਆਖਿਆ।

<u>ਅਜੰਡਾ ਆਈਟਮ ਨੰ:12.05</u>

**ਗਮਾਡਾ ਨਾਲ ਸਬੰਧਤ ਮਹੱਤਵਪੂਰਣ ਕੇਸਾਂ ਦੀ ਤਾਜਾ ਸਥਿਤੀ ਬਾਰੇ ।**

ਮੱਦ ਵਿਚ ਕੋਰਟ ਕੇਸਾਂ ਬਾਰੇ ਦਰਸਾਈ ਗਈ ਸਥਿਤੀ ਨੂੰ ਕਾਰਜਕਾਰੀ ਕਮੇਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। ਮੁੱਖ ਪ੍ਰਸਾਸਕ ਨੇ ਕਾਰਜਕਾਰੀ ਕਮੇਟੀ ਦੇ ਧਿਆਨ ਵਿਚ ਲਿਆਂਦਾ ਕਿ ਸੈਕਟਰ 81 ਸਬੰਧੀ ਕੇਸ ਵਿਚ ਸ੍ਰੀ ਬਲਵਿੰਦਰ ਸਿੰਘ, ਆਈ.ਏ.ਐਸ.,ਵਧੀਕ ਮੁੱਖ ਪ੍ਰਸਾਸਕ, ਗਮਾਡਾ ਅਤੇ ਸ੍ਰੀ ਹਰਮੇਲ ਸਿੰਘ, ਲੀਗਲ ਐਡਵਾਈਜਰ, ਗਮਾਡਾ ਨੇ ਕਾਫੀ ਮਿਹਨਤ ਕਰਦੇ ਹੋਏ ਸ਼ਲਾਘਾਯੋਗ ਕੰਮ ਕੀਤਾ ਹੈ। ਕਾਰਜਕਾਰੀ ਕਮੇਟੀ ਨੇ ਇੰਨ੍ਹਾਂ ਅਧਿਕਾਰੀਆਂ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹੋਏ ਇਸ ਨੂੰ ਰਿਕਾਰਡ ਤੇ ਰੱਖਿਆ।

<u>ਅਜੰਡਾ ਆਈਟਮ ਨੰ:12.06</u>

**ਬੱਸ ਸਟੈਂਡ-ਕਮ-ਕਮਰਸ਼ੀਅਲ ਕੰਪਲੈਕਸ ਸੈਕਟਰ-57, ਐਸ.ਏ.ਐਸ.ਨਗਰ, ਮੋਹਾਲੀ ਦੀ ਤਾਜਾ ਸਥਿਤੀ ਬਾਰੇ।**

ਕਾਰਜਕਾਰੀ ਕਮੇਟੀ ਨੇ ਮੱਦ ਵਿਚ ਦਰਸਾਏ ਤੱਥਾਂ ਨੂੰ ਨੋਟ ਕੀਤਾ ਅਤੇ ਕੰਪਨੀ ਨੂੰ ਐਗਰੀਮੈਂਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਨਕਰਕੇ ਉਸਨੂੰ ਨੋਟਿਸ ਦੇਣ ਦੇ ਆਦੇਸ ਦਿੱਤੇ । ਇਸ ਉਪਰੰਤ ਰੂਲਾਂ /ਹਦਾਇਤਾਂ ਅਨੁਸਾਰ ਕੰਪਨੀ ਨੂੰ ਨਿਜੀ ਸੁਣਵਾਈ (Personal hearing) ਦਾ

ਮੌਕਾ ਦੇਣ ਉਪਰੰਤ ਕਾਰਜਕਾਰੀ ਕਮੇਟੀ ਦੀ ਅਗਲੀ ਮੀਟਿੰਗ ਵਿਚ ਠੋਸ ਤਜਵੀਜ ਲਿਆਉਣ ਲਈ ਆਖਿਆ।

<u>ਅਜੰਡਾ ਆਈਟਮ ਨੰ:12.07</u>

**ਸੈਕਟਰ 76-80 ਦੇ ਔਸਟੀ ਸ੍ਰੇਣੀ ਦੇ ਪਲਾਟਾਂ ਦੇ ਰੇਟ ਨਿਰਧਾਰਿਤ ਕਰਨ ਸਬੰਧੀ।**

ਮੱਦ ਵਿਚ ਦੱਸੇ ਤੱਥਾਂ ਤੇ ਵਿਚਾਰ ਕਰਨ ਉਪਰੰਤ ਕਾਰਜਕਾਰੀ ਕਮੇਟੀ ਨੇ ਪੁਰਾਣੇ ਔਸਟੀ ਦੇ ਬਿਨੈਕਾਰਾਂ ਨੂੰ ਪੁਰਾਣੇ ਰੇਟਾਂ ਤੇ ਪਲਾਟ ਅਲਾਟ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਜੇਕਰ ਭੌ ਮਾਲਕਾਂ ਨੂੰ ਵੱਧ ਮੁਆਵਜਾ ਦੇਣ ਕਰਕੇ ਭੌ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਤਾਂ ਦੂਸਰੇ ਅਲਾਟੀਆਂ ਵਾਂਗ ਇਨ੍ਹਾਂ ਤੋਂ ਵੀ ਵੱਧੀ ਕੀਮਤ ਵਸੂਲੀ ਜਾਵੇਗੀ। ਔਸਟੀ ਕੈਟੇਗਰੀ ਅਧੀਨ ਜਾਰੀ ਕੀਤੇ ਐਲ.ਓ.ਆਈ. ਜਾਂ ਜਾਰੀ ਕੀਤੇ ਜਾਣ ਵਾਲੇ ਐਲ.ਓ.ਆਈਜ ਨੂੰ ਟਰਾਂਸਫਰ ਕਰਨ ਸਬੰਧੀ ਔਸਟੀ ਕੋਟੇ ਲਈ ਗੱਠਤ ਕੀਤੀ ਗਈ ਕਮੇਟੀ ਨੂੰ ਆਪਣੀਆਂ ਸਿਫਾਰਿਸਾਂ ਦੇਣ ਦੀ ਵੀ ਪ੍ਰਵਾਨਗੀ ਦਿੱਤੀ ਗਈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਸਕੱਤਰ,ਪੰਜਾਬ।

ਅਜੰਡਾ ਆਈਟਮ ਨੰ: 9.06
ਅਥਾਰਿਟੀ

ਵਿਸ਼ਾ: ਸੈਕਟਰ 69 ਵਿਖੇ ਸ੍ਰੀ ਗੁਰੂ ਸਿੰਘ ਸਭਾ (ਰਜਿ) ਨੂੰ ਗੁਰੂਦੁਆਰਾ ਸਾਹਿਬ ਲਈ ਅਲਟਰਨੇਟਿਵ ਅਤੇ ਵੱਡੀ ਭੌਂ ਅਲਾਟ ਕਰਨ ਬਾਰੇ।

ਸਾਲ 2007 ਵਿਚ ਧਾਰਮਿਕ ਸੰਸਥਾਵਾਂ ਨੂੰ ਲੀਜ ਹੋਲਡ ਬੇਸਿਜ ਤੇ ਭੌਂ ਦੀ ਅਲਾਟਮੈਂਟ ਕਰਨ ਲਈ ਵਿਗਿਆਪਨ ਰਾਹੀ ਅਰਜੀਆਂ ਮੰਗੀਆਂ ਗਈਆਂ ਸਨ। ਸ੍ਰੀ ਗੁਰੂ ਸਿੰਘ ਸਭਾ (ਰਜਿ.) ਵਲੋ ਸੈਕਟਰ 69 ਵਿਖੇ ਗੁਰੂ ਦੁਆਰਾ ਸਾਹਿਬ ਲਈ ਭੌਂ ਦੀ ਅਲਾਟਮੈਂਟ ਕਰਵਾਉਣ ਲਈ ਬਿਨੈ-ਪੱਤਰ ਦਿੱਤਾ ਸੀ। ਸਕਰੂਟਨੀ ਕਮੇਟੀ ਵਲੋ ਸ੍ਰੀ ਗੁਰੂ ਸਿੰਘ ਸਭਾ ਨੂੰ ਸੈਕਟਰ 69 ਵਿਖੇ 1006.64 ਵ:ਗ: ਭੌਂ ਅਲਾਟ ਕਰਨ ਦੀ ਸਿਫਾਰਸ ਕੀਤੀ ਸੀ। ਸਕਰੂਟਨੀ ਕਮੇਟੀ ਦੀਆਂ ਸਿਫਾਰਸਾਂ ਅਥਾਰਿਟੀ ਵਲੋ ਪ੍ਰਵਾਨ ਕਰਨ ਉਪਰੰਤ ਸ੍ਰੀ ਗੁਰੂ ਸਿੰਘ ਸਭਾ ਨੂੰ ਸੈਕਟਰ 69 ਵਿਖੇ ਭੌਂ ਦੀ ਅਲਾਟਮੈਂਟ ਕਰਨ ਲਈ ਅਲਾਟਮੈਂਟ ਪੱਤਰ ਜਾਰੀ ਕੀਤਾ ਗਿਆ ਸੀ। ਸਾਈਟ ਮੌਕੇ ਤੇ ਫਿਜੀਬਲ ਹੈ, ਪਰੰਤੂ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸਮੇਂ-2 ਤੇ ਗੁਰੂਦੁਆਰਾ ਸਾਹਿਬ ਲਈ ਬਦਲਵੀਂ ਅਤੇ ਵੱਡੀ ਭੌਂ ਦੇਣ ਲਈ ਪ੍ਰਤੀ ਬੇਨਤੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਆਖਰੀ ਬਾਰ ਉਨ੍ਹਾਂ ਨੇ ਮਿਤੀ 6-12-2010 ਨੂੰ ਇਸ ਸਬੰਧੀ ਪ੍ਰਤੀਬੇਨਤੀ ਦਿੱਤੀ ਸੀ (ਅਨੁਲਗ-ੳ)। ਆਪਣੀ ਪ੍ਰਤੀਬੇਨਤੀ ਵਿਚ ਸਭਾ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਅਲਾਟ ਕੀਤੀ ਗਈ ਸਾਈਟ ਛੋਟੀ ਹੈ ਅਤੇ ਘੱਟ ਵਸੋਂ ਵਾਲੇ ਏਰੀਏ ਵਿਚ ਪੈਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰੂਦੁਆਰਾ ਸਾਹਿਬ ਦੇ ਨਾਲ-2 10-12 ਸਟਾਫ ਕੁਆਟਰ, ਦੇਗ ਅਤੇ ਲੰਗਰ ਲਈ ਰਸੋਈਆਂ, ਜੋੜਾ ਘਰ, ਸਟੋਰਜ ਆਫਿਸ, ਯਾਤਰੀਆਂ ਲਈ ਪੰਜ ਵੱਡੇ ਹਾਲ ਕਮਰੇ ਅਤੇ ਡਿਸਪੈਂਸਰੀ ਆਦਿ ਬਣਵਾਉਣ ਦੀ ਤਜਵੀਜ ਹੈ, ਜਿਸ ਲਈ ਉਨ੍ਹਾਂ ਨੇ 4 ਕਨਾਲ ਭੌਂ ਅਲਾਟ ਕਰਨ ਦੀ ਮੰਗ ਕੀਤੀ ਹੈ। ਇਹ ਮਾਮਲਾ ਮਿਤੀ 8-12-2010 ਨੂੰ ਵਧੀਕ ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਜਿਸ ਵਿਚ ਮਿਲਖ ਅਫਸਰ, ਗਮਾਡਾ, ਸੁਪਰਡੰਟ ਦਫਤਰ ਵਧੀਕ ਮੁੱਖ ਪ੍ਰਸਾਸਕ, ਮੋਹਾਲੀ ਅਤੇ ਗੁਰੂਦੁਆਰਾ ਸ੍ਰੀ ਸਿੰਘ ਸਭਾ ਦੇ ਨੁਮਾਇੰਦੇ ਸਾਮਿਲ ਸਨ, ਵਿਚਾਰਿਆ ਗਿਆ ਸੀ । ਮੀਟਿੰਗ ਵਿਚ ਜਿਲ੍ਹਾ ਨਗਰ ਯੋਜਨਾਕਾਰ, ਮੋਹਾਲੀ ਨੂੰ ਇਕ ਹਫਤੇ ਦੇ ਅੰਦਰ-2 ਇਸ ਸਬੰਧੀ ਤਜਵੀਜ ਦੇਣ ਲਈ ਆਖਿਆ ਗਿਆ ਸੀ। ਜਿਲ੍ਹਾ ਨਗਰ ਯੋਜਨਾਕਾਰ, ਮੋਹਾਲੀ ਨੇ

So it is the foresightedness of the assessee authority that just by spending a sum of Rs.175 crore has resulted and will further result into major gains in the appreciation of the stocks of the authority. This huge gain has really proved beyond doubt, that the assessee, as a wise businessperson, has rightly foreseen the necessity of making expenditure of Rs.175 crore as its business expediency on top priority which has proved beyond doubt a gainful business activity. Thus by spending Rs.175 crore by the authority though has already earned more than Rs.200 crore merely on interest and further gains in terms of sale of balance of land in hand (i.e stocks) is many many folds. Therefore on a common commercial norms and as per accounting principle, the expenditure of Rs.15 crores could be charged or debited to No other A/c, except only and only to Income and Expenditure A/c. Therefore, the ratio laid by Hon'ble Supreme Court in S.A Builders Ltd. Vs CIT (Apeals) and Another 288 ITR 1 (SC)fully applies to this case on all the fours beyond any doubt or second opinion that wherein it was held:

*"Once it is established that there was nexus between the expenditure and the purpose of the business (which need not necessarily be the business of the assessee itself), the Revenue can not justifiably claim to put itself in the arm chair of the businessman or in the position of the Board of Directors and assume the role to decide how much is reasonable expenditure having regard to the circumstances of the case. No businessman can be compelled to maximize his profits. The Income Tax Authorities must put themselves in the shoes of the assessee and see how a prudent businessman would act."*

Quite interestingly, the assessee has maximized the profits liable to tax, and still objection is being raised by the revenue for expenditure, incidental to maximize its profits, which is an allowable expenditure on facts and in law because of its being not being of capital nature nor is illegal nor against the public policy.

More importantly, in the case of the assessee authority, it is not a case of speculation but a deliberate and conscious move to earn more and more

**<u>profits in addition to improve the area in a planned manner, which has proved true also as per the statistics made in para 3 above</u>** where earning from mere interest for a short period is Rs. 200 crore (appox.) and further since more profits will be earned, more tax shall be paid which could have been possible only because of the contribution of the assessee for the establishment of the international airport by contributing the amount of Rs.15 crores as its business expediency exclusively for its overall promotion and economic development also as the setting up of International Airport is a booster to these objects. <u>So it is submitted even at the cost of repetition to stress that this expenditure is to be allowed particularly when it is neither illegal nor capital nor against public policy and at the same time has started yielding huge profits and overall growth of the area and rise in the rate of stock of the assessee.</u>

4. Further regarding the Joint Venture agreement of Airport Authority of India, Govt. of Punjab and Govt. of Haryana, it is submitted that GMADA had only acted as a trustee for the Punjab Govt. where all the acts to be done by Govt. of Punjab are only through this development agency and the assessee authority by acquiring/promoting the joint venture company is not the beneficial owner of any of the shareholding of the said joint venture company. This is clear from Page 1 of the Joint Venture Agreement, wherein it is clearly written the word **<u>"Govt. of Punjab through GMADA and also Govt. of Haryana through HUDA"</u>**. **The intention of the JV agreement is clear from this clause that the role of GMADA is nothing more than a mere agent of its principle which is the Govt. of Punjab as it has no volition of its own.** Moreover, till date no equity shares are allotted by the joint venture company against the cost of land transferred by Punjab Govt. to the joint venture company. If any equity shares are allotted against the cost of the land, then, these equity shares will be the property of Punjab Govt. as the assessee authority is acting only as an agent of the Punjab Govt. So the contribution made by GMADA is not on capital account rather it is the expenditure which is duly as per the objects of the authority and is wholly and exclusively for the purpose of the business and has been incurred for the consideration of all facts and circumstances and by the application of commercial expediency.

5. Further the issue in question is **not res-integra**. Similar issues have already been tried by the various courts of the country. To quote in a **recent judgment of CIT and Another vs Karnataka Financial Corporation (IT Appeal No. 161 of 2005) 33 DTR** (Kar)145(2010) wherein it has been held as under:-

*"The amount of Rs.15 lakhs spent by the assessee has to be considered towards its business promotion. Since the Zila Panchayath under a scheme known as 'Swasthi Grama Yojana' was trying to develop model villages by providing facilities like develop roads to new markets organizing self help groups, community centres and development of infrastructural facilities. If the assessee has spent amount towards the development of infrastructural facilities of villages and construction of a new market to organize self help groups would certainly promote the business of the assessee as the assessee can lend the loan only if such establishments are there in villages. If the assessee can spread its activities to rural parts of the State, it would cater the need of the people and would satisfy the purpose for which it is created by the State. Therefore, the question of law framed in this appeal has to be answered against the Revenue."*

Further reliance has also been placed in the cases of **CIT vs Velumanickam Lodge (Mad) (2009) 32 DTR 246, Sri Venkata Satyanatayna Mill Contractors Co. vs CIT (1997) 223 ITR 101 (SC), CIT vs Indian Radiators Ltd (1999) 236 ITR 719 (Mad), Addl. CIT vs Rajasthan Spinning & Weaving Mills Ltd. (2005) 274 ITR 463 (Raj), CIT vs Chemicals & Plastics India Ltd. (2007) 292 ITR 115 (Mad) and Panipat Co-Operative Sugar Mills Ltd vs CIT (1977) 108 ITR 111 (P&H).**

6. That the expenditure was also incurred as per the directions of the Punjab Govt. and the objects of the authority as provided in section 28 (supra)authorize the authority to do the objects and functions with the prior approval or on direction of the State Govt., for carrying out the purposes of this Act.

The reliance is placed in the case of **CIT vs Chetan Transport Corporation Ltd 134 CTR (MAD.) 466** in which the Revenue conceded before the Tribunal Bangalore that in this case where the transport corporation on the request of the State Govt. spent the amount and it was held that the amount spent by the other **corporation** was **for the benefit of the public and does not violate the public policy.**

**In view of the above submissions** based on facts and law,, it is **submitted that the assessee authority has rightly** incurred the expenditure **wholly and exclusively for the purpose of its business** and to achieve its objects **for which it has been constituted and there** was a complete content of **commercial**

**expediency as is evident from Para 3** above in making this payment of **Rs.15 crore, which is allowable being for** business expediency, neither **capital in nature, nor illegal nor against public** policy and it has resulted beyond doubt **a substantial gainful bargain by a** wise businessperson, nor is it **prejudicial to revenue, rather has yielded and would** further yield more and more **income-tax.**

Thanking You,

**For Bansal Satish & Associates,**

**Chartered Accountants,**

**(Partner)**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 17324-17329 ਮਿਤੀ: 27/12/2010

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਜੋ ਮਿਤੀ 15-12-2010 ਨੂੰ ਸਵੇਰੇ 10:30 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ- ਕਮ-ਚੇਅਰਮੈਨ, ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ।

ਅਮਲਾ ਅਫਸਰ,
ਵਾ: ਵਧੀਕ ਮੁੱਖ ਪ੍ਰਸਾਸਕ (ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 17330 ਮਿਤੀ: 27/12/2010

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ 12ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਜੀ।

ਅਮਲਾ ਅਫਸਰ,
ਵਾ: ਵਧੀਕ ਮੁੱਖ ਪ੍ਰਸਾਸਕ (ਮੁ:ਦ:) ।

ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 15-12-10 ਨੂੰ ਸਵੇਰੇ 10-30 ਵਜੇ ਉਹਨਾਂ ਦੇ ਦਫਤਰੀ ਕਮੇਟੀ ਰੂਮ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਡੀ ਐਸ ਗੁਰੂ, ਆਈ ਏ ਐਸ,
ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

3) ਸ੍ਰੀ ਐਸ.ਕੇ.ਸ਼ਰਮਾ, ਆਈ.ਏ.ਐਸ.
ਡਾਇਰੈਕਟਰ, ਸਥਾਨਕ ਸਰਕਾਰ,ਪੰਜਾਬ,
ਚੰਡੀਗੜ੍ਹ ।
(ਨੁਮਾਇੰਦਾ ਸਕੱਤਰ, ਸਥਾਨਕ ਸਰਕਾਰ,ਪੰਜਾਬ)

4) ਸ੍ਰੀ ਦਲੀਪ ਕੁਮਾਰ, ਆਈ.ਏ.ਐਸ.,
ਵਿਸ਼ੇਸ਼ ਸਕੱਤਰ (ਵਿੱਤ),
(ਨੁਮਾਇੰਦਾ ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।

5) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।

6) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

<u>ਵਿਸ਼ੇਸ਼ ਤੌਰ ਤੇ ਸ਼ਾਮਿਲ ਅਧਿਕਾਰੀ</u>

1) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ.ਏ.ਐਸ,
ਵਧੀਕ ਮੁੱਖ ਪ੍ਰਸਾਸਕ,
ਗਮਾਡਾ, ਮੋਹਾਲੀ।

2) ਸ੍ਰੀ ਰਾਜੇਸ਼ ਸੋਢੀ, ਆਈ.ਆਰ.ਐਸ.,
ਵਧੀਕ ਮੁੱਖ ਪ੍ਰਸਾਸਕ ( ਵਿੱਤ ਤੇ ਲੇਖਾ ),
ਗਮਾਡਾ, ਮੋਹਾਲੀ।

3) ਸ੍ਰੀ ਰਾਜੀਵ ਮੌਦਗਿਲ,
ਮੁੱਖ ਇੰਜੀਨੀਅਰ,
ਗਮਾਡਾ, ਮੋਹਾਲੀ।

4) ਸ੍ਰੀ ਜਤਿੰਦਰ ਮੋਹਨ,
ਨਿਗਰਾਨ ਇੰਜੀਨੀਅਰ ,
ਗਮਾਡਾ, ਮੋਹਾਲੀ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਅਜੰਡਾ ਆਈਟਮ ਨੰ:12.01</u>
ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਜੋ ਮਿਤੀ 10.09.2010 ਨੂੰ ਹੋਈ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

<u>ਅਜੰਡਾ ਆਈਟਮ ਨੰ:12.02</u>
ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 10.09.2010 ਨੂੰ ਹੋਈ ਗਿਆਰਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

<u>ਅਜੰਡਾ ਆਈਟਮ ਨੰ:12.03</u>
ਗਮਾਡਾ ਵਿਚ ਵੱਖ-2 ਕੰਮਾਂ ਲਈ ਟੈਂਡਰ ਪ੍ਰਾਪਤ ਕਰਨ ਲਈ ਨੇੜੇ ਦੀ ਕੁਐਰੀ ਜਿੱਥੋਂ ਮੈਟੀਰੀਅਲ ਉਪਲੱਬਧ ਹੋਵੇ, ਤੋਂ ਰੇਟ ਲੈ ਕੇ ਤਖਮੀਨੇ ਤਿਆਰ ਕਰਨ ਸਬੰਧੀ ।

ਵਿਚਾਰ-ਵਟਾਂਦਰੇ ਉਪਰੰਤ ਮੱਦ ਨੂੰ ਪ੍ਰਵਾਨ ਕੀਤਾ ਗਿਆ ।

ਇਸਦੇ ਨਾਲ ਹੀ ਨੋਟ ਕੀਤਾ ਗਿਆ ਕਿ PWD (B&R) ਵੱਲੋਂ ਗਠਿੱਤ ਕੁਆਰਿਰੀ ਕਮੇਟੀ ਜਦੋ ਵੀ ਆਪਣੀਆਂ ਸਿਫਾਰਸ਼ਾਂ ਦਿੰਦੀ ਹੈ ਉਹਨਾਂ ਨੂੰ ਵੀ ਗਮਾਡਾ ਵਿਚ

ਅਡਾਪਟ ਕੀਤਾ ਜਾਵੇਗਾ । ਇਸ ਦੇ ਨਾਲ ਹੀ ਕਮੇਟੀ ਵੱਲੋਂ ਨੋਟ ਕੀਤਾ ਗਿਆ ਕਿ ਭਵਿੱਖ ਵਿਚ ਮੰਗੇ ਜਣ ਵਾਲੇ ਟੈਂਡਰਾਂ ਵਿਚ ਕੰਡੀਸਨ ਪਾਈ ਜਾਵੇ ਕਿ ਜਦੋਂ ਵੀ ਹਾਈਕੋਰਟ ਦੀ ਸਟੇਅ ਖਤਮ ਹੁੰਦੀ ਹੈ ਅਤੇ ਮੰਨਜੂਰਸੁਦਾ ਨਜਦੀਕੀ ਕੁਅਇਰੀਆਂ ਤੋਂ ਮਟੀਰੀਅਲ ਮਿਲਣ ਲੱਗ ਜਾਂਦਾ ਹੈ ਤਾਂ ਇਹਨਾਂ ਕੁਆਇਰੀਆਂ ਮੁਤਾਬਿਕ ਠੇਕੇਦਾਰਾਂ ਨੂੰ ਅਦਾਇਗੀ ਕੀਤੀ ਜਾਵੇਗੀ । ਜਿਸ ਬਾਰੇ ਸਬੰਧਤ ਮੰਡਲ ਇੰਜੀਨੀਅਰ ਐਮ.ਬੀ. ਵਿਚ ਸਰਟੀਫੀਕੇਟ ਰਿਕਾਰਡ ਕਰਨਗੇ ।

ਅਜੰਡਾ ਆਈਟਮ ਨੰ:12.04

**ਇੰਨਕਮ ਟੈਕਸ ਵਿਭਾਗ ਵੱਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਸਬੰਧੀ ।**

ਕਾਰਜਕਾਰੀ ਕਮੇਟੀ ਨੇ ਇੰਨਕਮ ਟੈਕਸ ਵਿਭਾਗ ਵੱਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਅਤੇ ਦਫਤਰ ਵੱਲੋਂ ਇਸ ਸਬੰਧੀ ਕੀਤੀ ਗਈ ਕਾਰਵਾਈ ਨੂੰ ਨੋਟ ਕਰਦੇ ਹੋਏ ਇਸ ਦੀ ਪੋੜਤਾ ਕੀਤੀ। ਕਾਰਜਕਾਰੀ ਕਮੇਟੀ ਨੇ ਇੰਨਕਮ ਟੈਕਸ ਵਿਭਾਗ ਨਾਲ ਅਤੇ ਹੋਰ ਅਦਾਲਤਾਂ ਵਿਚ ਇਹਨਾਂ ਕੇਸਾਂ ਨੂੰ ਠੋਸ ਤਰੀਕੇ ਨਾਲ ਡਿਫੈਂਡ ਕਰਨ ਲਈ ਆਖਿਆ।

ਅਜੰਡਾ ਆਈਟਮ ਨੰ:12.05

ਗਮਾਡਾ ਨਾਲ ਸਬੰਧਤ ਮਹੱਤਵਪੂਰਣ ਕੇਸਾਂ ਦੀ ਤਾਜਾ ਸਥਿਤੀ ਬਾਰੇ ।

ਮੱਦ ਵਿਚ ਕੋਰਟ ਕੇਸਾਂ ਬਾਰੇ ਦਰਸਾਈ ਗਈ ਸਥਿਤੀ ਨੂੰ ਕਾਰਜਕਾਰੀ ਕਮੇਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। ਮੁੱਖ ਪ੍ਰਸਾਸਕ ਨੇ ਕਾਰਜਕਾਰੀ ਕਮੇਟੀ ਦੇ ਧਿਆਨ ਵਿਚ ਲਿਆਂਦਾ ਕਿ ਸੈਕਟਰ 81 ਸਬੰਧੀ ਕੇਸ ਵਿਚ ਸ੍ਰੀ ਬਲਵਿੰਦਰ ਸਿੰਘ, ਆਈ.ਏ.ਐਸ.,ਵਧੀਕ ਮੁੱਖ ਪ੍ਰਸਾਸਕ, ਗਮਾਡਾ ਅਤੇ ਸ੍ਰੀ ਹਰਮੇਲ ਸਿੰਘ, ਲੀਗਲ ਐਡਵਾਈਜਰ, ਗਮਾਡਾ ਨੇ ਕਾਫੀ ਮਿਹਨਤ ਕਰਦੇ ਹੋਏ ਸ਼ਲਾਘਾਯੋਗ ਕੰਮ ਕੀਤਾ ਹੈ। ਕਾਰਜਕਾਰੀ ਕਮੇਟੀ ਨੇ ਇੰਨਾਂ ਅਧਿਕਾਰੀਆਂ ਦੇ ਕੰਮ ਦੀ ਪ੍ਰਸੰਸਾ ਕਰਦੇ ਹੋਏ ਇਸ ਨੂੰ ਰਿਕਾਰਡ ਤੇ ਰੱਖਿਆ।

ਅਜੰਡਾ ਆਈਟਮ ਨੰ:12.06

ਬੱਸ ਸਟੈਂਡ-ਕਮ-ਕਮਰਸ਼ੀਅਲ ਕੰਪਲੈਕਸ ਸੈਕਟਰ-57, ਐਸ.ਏ.ਐਸ.ਨਗਰ, ਮੋਹਾਲੀ ਦੀ ਤਾਜਾ ਸਥਿਤੀ ਬਾਰੇ।

ਕਾਰਜਕਾਰੀ ਕਮੇਟੀ ਨੇ ਮੱਦ ਵਿਚ ਦਰਸਾਏ ਤੱਥਾਂ ਨੂੰ ਨੋਟ ਕੀਤਾ ਅਤੇ ਕੰਪਨੀ ਨੂੰ ਐਗਰੀਮੈਂਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਨਕਰਕੇ ਉਸਨੂੰ ਨੋਟਿਸ ਦੇਣ ਦੇ ਆਦੇਸ ਦਿੱਤੇ । ਇਸ ਉਪਰੰਤ ਰੂਲਾਂ /ਹਦਾਇਤਾਂ ਅਨੁਸਾਰ ਕੰਪਨੀ ਨੂੰ ਨਿਜੀ ਸੁਣਵਾਈ (Personal hearing) ਦਾ

ਮੌਕਾ ਦੇਣ ਉਪਰੰਤ ਕਾਰਜਕਾਰੀ ਕਮੇਟੀ ਦੀ ਅਗਲੀ ਮੀਟਿੰਗ ਵਿਚ ਠੋਸ ਤਜਵੀਜ਼ ਲਿਆਉਣ ਲਈ ਆਖਿਆ।

<u>ਅਜੰਡਾ ਆਈਟਮ ਨੰ:12.07</u>

ਸੈਕਟਰ 76-80 ਦੇ ਔਸਟੀ ਸ੍ਰੇਣੀ ਦੇ ਪਲਾਟਾਂ ਦੇ ਰੇਟ ਨਿਰਧਾਰਿਤ ਕਰਨ ਸਬੰਧੀ।

ਮੱਦ ਵਿਚ ਦੱਸੇ ਤੱਥਾਂ ਤੇ ਵਿਚਾਰ ਕਰਨ ਉਪਰੰਤ ਕਾਰਜਕਾਰੀ ਕਮੇਟੀ ਨੇ ਪੁਰਾਣੇ ਔਸਟੀ ਦੇ ਬਿਨੈਕਾਰਾਂ ਨੂੰ ਪੁਰਾਣੇ ਰੇਟਾਂ ਤੇ ਪਲਾਟ ਅਲਾਟ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਜੇਕਰ ਭੌਂ ਮਾਲਕਾਂ ਨੂੰ ਵੱਧ ਮੁਆਵਜਾ ਦੇਣ ਕਰਕੇ ਭੌ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਤਾਂ ਦੂਸਰੇ ਅਲਾਟੀਆਂ ਵਾਂਗ ਇਨ੍ਹਾਂ ਤੋਂ ਵੀ ਵੱਧੀ ਕੀਮਤ ਵਸੂਲੀ ਜਾਵੇਗੀ। ਔਸਟੀ ਕੈਟੇਗਰੀ ਅਧੀਨ ਜਾਰੀ ਕੀਤੇ ਐਲ.ਓ.ਆਈ. ਜਾਂ ਜਾਰੀ ਕੀਤੇ ਜਾਣ ਵਾਲੇ ਐਲ.ਓ.ਆਈਜ ਨੂੰ ਟਰਾਂਸਫਰ ਕਰਨ ਸਬੰਧੀ ਔਸਟੀ ਕੋਟੇ ਲਈ ਗਠਿਤ ਕੀਤੀ ਗਈ ਕਮੇਟੀ ਨੂੰ ਆਪਣੀਆਂ ਸਿਫਾਰਿਸਾਂ ਦੇਣ ਦੀ ਵੀ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਮੁੱਖ ਸਕੱਤਰ,ਪੰਜਾਬ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਮੋਹਾਲੀ

ਏਜੰਡਾ ਆਈਟਮ ਨੰ: 9.10
(ਅਥਾਰਟੀ ਮੀਟਿੰਗ)

ਵਿਸ਼ਾ:- ਐਸ.ਏ.ਐਸ.ਨਗਰ ਵਿਖੇ ਵੱਖ ਵੱਖ ਥਾਵਾਂ ਤੇ ਇਨਫਾਰਮੇਟਰੀ ਸਾਈਨੇਜ ਬੋਰਡ ਲਗਾਉਣ ਬਾਰੇ।

ਐਸ.ਏ.ਐਸ. ਨਗਰ ( ਮੋਹਾਲੀ) ਸ਼ਹਿਰੀ ਮਿਲਖ ਦੀ ਸਥਾਪਨਾ ਤਕਰੀਬਨ 35-40 ਸਾਲ ਪਹਿਲਾਂ ਹੋਈ ਸੀ। ਹੁਣ ਤੱਕ ਲੱਗਭਗ 30 ਸੈਕਟਰ ਪੂਰੀ ਤਰ੍ਹਾਂ ਵਿਕਸਿਤ ਹੋ ਚੁਕੇ ਹਨ, ਜਿਸ ਵਿੱਚ 23 ਸੈਕਟਰ ਰਿਹਾਇਸ਼ੀ ਅਤੇ 7 ਸੈਕਟਰ ਇੰਡਸਟਰੀਅਲ ਏਰੀਏ ਦੇ ਹਨ। ਇਸ ਸਮੇਂ ਇੱਥੋਂ ਦੀ ਅਬਾਦੀ ਤਕਰੀਬਨ 3.00 ਲੱਖ ਤੱਕ ਪੁੱਜ ਗਈ ਹੈ। ਪੰਜਾਬ ਸਰਕਾਰ ਵੱਲੋਂ ਐਸ. ਏ. ਐਸ. ਨਗਰ ਸਹਿਰ ਨੂੰ ਜਿਲਾ ਹੈਡ ਕੁਆਟਰ ਬਣਾ ਦਿੱਤਾ ਗਿਆ ਹੈ। ਇਸ ਲਈ ਇੱਥੇ ਕਈ ਸਰਕਾਰੀ ਦਫਤਰ ਅਤੇ ਵਿਦਿਅਕ ਸੰਸਥਾਵਾਂ ਅਤੇ ਹੋਰ ਪ੍ਰਾਈਵੇਟ ਅਦਾਰਿਆਂ ਵੱਲੋਂ ਆਪਣੇ ਦਫਤਰ ਵੱਖ-ਵੱਖ ਸੈਕਟਰਾਂ ਵਿੱਚ ਖੋਲ੍ਹੇ ਗਏ ਹਨ। ਐਸ. ਏ. ਐਸ. ਨਗਰ ਨੂੰ ਚੰਡੀਗੜ੍ਹ ਦੀ ਲਗਾਤਾਰਤਾ ਵਿੱਚ ਫੇਜ-3 ਵੱਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਲਈ ਮੋਹਾਲੀ ਦੇ ਵਸਨੀਕਾਂ ਅਤੇ ਬਾਹਰੋਂ ਆਉਣ ਵਾਲੇ ਲੋਕਾਂ ਦੀ ਸਹੂਲਤ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਐਸ. ਏ. ਐਸ. ਨਗਰ ਵਿਖੇ ਵੱਖ-ਵੱਖ ਥਾਵਾਂ ਤੇ ਚੰਡੀਗੜ੍ਹ/ਦਿੱਲੀ ਦੀ ਤਰਜ ਤੇ ਇੰਨਫਾਰਮੇਟਰੀ ਸਾਈਨੇਜਿਜ ਬੋਰਡ ਲਗਾਏ ਜਾਣ।


ਮੋਹਾਲੀ ਸਹਿਰ ਵਿਖੇ ਤਕਰੀਬਨ 400 ਇੰਨਫਾਰਮੇਟਰੀ ਸਾਈਨੇਜਿਜ ਬੋਰਡ ਲਗਾਉਣ ਦੀ ਤਜਵੀਜ ਹੈ। ਇਸ ਸਬੰਧ ਵਿੱਚ ਵੱਖ-ਵੱਖ ਬੋਰਡਾਂ ਦੀ ਥਾਂ ਨਿਸਚਿਤ ਕਰਨ ਲਈ ਮੰ: ਇੰਜ: (ਜਸ-2), ਜਿਲਾ ਨਗਰ ਯੋਜਨਾਕਾਰ ਮੋਹਾਲੀ ਅਤੇ ਮਿਊਂਸਪਲ ਇੰਜੀਨੀਅਰ, ਮਿਊਂਸਪਲ ਕੌਂਸਲ ਦੀ ਇੱਕ ਕਮੇਟੀ ਗਠਿਤ ਕੀਤੀ ਹੋਈ ਹੈ ਜੋ ਕਿ ਇਨ੍ਹਾਂ ਬੋਰਡਾਂ ਨੂੰ ਲਗਾਉਣ ਦੀ ਜਗ੍ਹਾ ਅਤੇ ਗਿਣਤੀ ਆਦਿ ਨਿਰਧਾਰਤ ਕਰੇਗੀ।

ਉਪਰੋਕਤ ਬੋਰਡਾਂ ਨੂੰ ਲਗਾਉਣ ਤੇ ਤਕਰੀਬਨ 92.00 ਲੱਖ ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਜੇਕਰ ਲੋੜ ਅਨੁਸਾਰ ਹੋਰ ਥਾਵਾਂ ਤੇ ਬੋਰਡ ਲਗਾਉਣ ਦੀ ਜਰੂਰਤ ਮਹਿਸੂਸ ਕੀਤੀ ਗਈ ਤਾਂ ਇਨ੍ਹਾਂ ਬੋਰਡਾਂ ਦੀ ਗਿਣਤੀ ਵਿੱਚ ਵਾਧਾ/ਘਾਟਾ ਕੀਤਾ ਜਾ ਸਕਦਾ ਹੈ। ਇਹ ਕੰਮ ਅਲਾਟਮੈਂਟ ਤੋਂ ਬਾਅਦ ਤਕਰੀਬਨ 6 ਮਹੀਨਿਆਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਕਿਉਂਜੋ ਇਹ ਬੋਰਡ ਸਾਰੇ ਐਸ. ਏ.ਐਸ. ਨਗਰ ਵਿੱਚ ਲਗਾਏ ਜਾਣੇ ਹਨ ਜਿਨ੍ਹਾਂ ਵਿੱਚ ਕੁੱਝ ਸੈਕਟਰ ਮਿਊਂਸਪਲ ਕੌਂਸਲ ਅਤੇ ਸਨਅਤੀ ਏਰੀਏ ਅਧੀਨ ਆਉਂਦੇ ਹਨ। ਇਸ ਲਈ ਅਥਾਰਿਟੀ ਦੀ ਮੀਟਿੰਗ ਵਿੱਚ ਇਹ ਅਜੰਡਾ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।


20 No. Boards

# INFORMATORY SIGN





PLACE IDENTIFICATION (PI)

# INFORMATORY SIGN





DESTINATION BOARD (DB-2)

INFORMATO Y SIGN





DESTINATION BOARD(DB-I)

# MANDATORY SIGN





AT ROTARY (small size)

# INFORMATORY SIGN





# DIRECTION SIGN (RN)

# MANDATORY SIGN




## NO STOPPING/ NO STANDING (NS)

# CAUTIONARY SIGN




## PEDESTRIAN CROSSING (PC)

# ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

(ਪੁੱਡਾ ਭਵਨ, ਸੈਕਟਰ 62, ਐਸ. ਏ. ਐਸ. ਨਗਰ)

ਅੰਜਡਾ ਆਈਟਮ ਨੰ: 9.11

(ਅਥਾਰਟੀ ਦੀ ਮੀਟਿੰਗ)

ਵਿਸ਼ਾ: ਮੁਹਾਲੀ ਸਹਿਰ ਦੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਰ ਦੀਆਂ ਮੁੱਖ ਸੜ੍ਹਕਾਂ ਤੇ ਸੁਰੱਖਿਅਤ ਇਨਫਰਾਸਟਰੱਕਚਰ ਮੁਹੱਈਆ ਕਰਨ ਸਬੰਧੀ।

ਮੁਹਾਲੀ ਸ਼ਹਿਰ ਨੂੰ ਆਈ. ਟੀ. ਸ਼ਹਿਰ ਦੇ ਤੌਰ ਤੇ ਵਿਕਸਤ ਕੀਤਾ ਜਾ ਰਿਹਾ ਹੈ ਇਸ ਦੀ ਪਲੈਨਿੰਗ 125 ਸੈਕਟਰ ਤੱਕ ਵਸਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਮੁਹਾਲੀ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ, ਨੌਲੇਜ ਸਿਟੀ ਐਰੋਸਿਟੀ ਅਤੇ ਨਵੇਂ ਸੈਕਟਰ ਹੋਂਦ ਵਿੱਚ ਆਉਣ ਨਾਲ ਟ੍ਰੈਫਿਕ ਦੀ ਵਿਵਸਥਾ ਹੋਰ ਵੀ ਬਹੁਤ ਜਿਆਦਾ ਵੱਧ ਜਾਵੇਗੀ। ਪ੍ਰੰਤੂ ਇਸ ਸਮੇਂ ਦੀ ਟ੍ਰੈਫਿਕ ਸਮੱਸਿਆ ਦੀ ਸਥਿਤੀ ਨੂੰ ਦੇਖਦੇ ਹੋਏ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੜਕਾ ਤੇ ਸੇਫਟੀ ਇਨਫਰਾਸਟਕਚਰ ਪ੍ਰਦਾਨ ਕਰਨਾ ਸਮੇਂ ਦੀ ਅਤਿ ਅੰਤ ਲੋੜ ਹੈ। ਜਿਸ ਸਬੰਧ ਵਿੱਚ ਡਿਪਟੀ ਕਮਿਸ਼ਨਰ ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਦੇ ਪੱਤਰ ਨੰ; 4295-97 ਮਿਤੀ 12-10-2010 ਰਾਹੀਂ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਅਤੇ ਸੜਕ ਦੁਰਘਟਨਾਵਾਂ ਨੂੰ ਘਟਾਉਣ ਲਈ ਲੋੜੀਂਦੀ ਵਿਵਸਥਾ ਨੂੰ ਸੁਧਾਰਨ ਅਤੇ ਸੜਕ ਦੁਰਘਟਨਾਵਾਂ ਨੂੰ ਘਟਾਉਣ ਲਈ ਲੋੜੀਂਦੀ ਕਾਰਵਾਈ ਤੁਰੰਤ ਕਰਨ ਹਿੱਤ ਪੱਤਰ ਪ੍ਰਾਪਤ ਹੋਏ ਹਨ (ਅਨੁਲਗ ਅ) ਭਾਂਵੇਂ ਕਿ ਅਜਿਹਾ ਕੰਮ ਕਰਨਾ ਮਿਊਂਸਪਲ ਕੌਂਸਲ ਦੇ ਘੇਰੇ ਅੰਦਰ ਆਉਂਦਾ ਹੈ, ਪ੍ਰੰਤੂ ਕਿਉਂਕਿ ਗਮਾਡਾ ਅਧੀਨ ਪੈਂਦੇ ਸਾਰੇ ਏਰੀਏ ਦੇ ਓਰੀਜੀਨਲ ਕੰਮ ਗਮਾਡਾ ਵਲੋਂ ਹੀ ਕਰਨੇ ਬਣਦੇ ਹਨ ਇਸ ਲਈ ਇਹ ਕੰਮ ਗਮਾਡਾ ਵਲੋਂ ਕੀਤਾ ਜਾਣਾ ਹੈ।

ਸ਼ਹਿਰ ਦੀ ਆਵਾਜਾਈ ਪ੍ਰਬੰਧਾਂ ਨੂੰ ਸੁਧਾਰਨ ਅਤੇ ਦੁਰਘਟਨਾਵਾਂ ਨੂੰ ਘਟਾਉਣ ਲਈ ਇਸ ਦੀਆਂ ਸੜਕਾਂ ਤੇ ਥਰਮੋਪਲਾਸਟਿਕ ਚਿੱਟੇ ਰੰਗ ਦੇ ਪੇਟ ਨਾਲ ਸੜਕ ਦੀਆਂ ਲੇਨਾਂ/ਡਿਵੀਜਨਾਂ ਕਰਨੀਆਂ, ਜੈਬਰਾ ਕਰਾਸਿੰਗ, ਸੈਂਟਰਲ ਵਰਜ ਤੇ ਮੀਡੀਅਨ ਮਾਰਕਰ ਲਗਾਉਣਾ, ਚੌਕਾਂ ਤੇ ਸੋਲਰ ਸੱਟਡ,

ਪੇਵਮੈਂਟ ਮਾਰਕਰ, ਸਲਿਪ ਰੋਡ ਤੇ ਸੇਫਟੀ ਬਲਾਕ, ਫਲੈਕਸ ਡਿਲਾਈਨੇਟਰ, ਗਾਈਡ ਪੋਸਟ, ਸਪਰਿੰਗ ਪੋਸਟ, ਸਪੀਡ ਲਿਮਟ ਬੋਰਡ ਅਤ ਹੋਰ ਸਾਈਨਿੰਗ ਬੋਰਡ ਆਦਿ ਲਗਾਉਣ ਦਾ ਤਖਮੀਨੇ ਵਿੱਚ ਪ੍ਰਬੰਧ ਕੀਤਾ ਗਿਆ ਹੈ। ਜਿਸ ਨਾਲ ਜਿਥੇ ਸ਼ਹਿਰ ਦੀ ਦਿਖ ਸੁਧਰੇਗੀ ਉਸ ਦੇ ਨਾਲ ਨਾਲ ਟਰੈਫਿਕ ਸਮਸਿਆ ਦਾ ਹੱਲ ਨਿਕਲੇਗਾ ਅਤੇ ਦੁਰਘਟਨਾਵਾਂ ਵੀ ਘਟਣਗੀਆਂ ਕਿਉਂਕਿ ਅਜਿਹਾ ਪ੍ਰਬੰਧ ਹੀ ਚੰਡੀਗੜ, ਦੀਆਂ ਸੜਕਾਂ ਤੇ ਕੀਤਾ ਜਾ ਚੁੱਕਾ ਹੈ। ਇਸ ਨੂੰ ਮੁੱਖ ਰਖਦੇ ਹੋਏ ਇਸ ਕੰਮ ਦੀ ਪ੍ਰਸਾਸਕੀ ਪ੍ਰਵਾਨਗੀ ਮੁੱਖ ਪ੍ਰਸਾਸਕ ਗਮਾਡਾ ਮੁਹਾਲੀ ਵਲੋਂ ਮਿਤੀ 24-12-10 ਨੂੰ 145 ਲੱਖ ਰੁਪਏ ਦੀ ਜਾਰੀ ਕਰ ਦਿਤੀ ਗਈ ਹੈ। ਅਨੁਲਗ (ੲ)

ਇਸ ਕੰਮ ਨੂੰ ਕਰਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਅਨੁਸਾਰ ਜਿਸ ਸੜਕ ਦਾ ਕੰਮ ਪਹਿਲ ਦੇ ਅਧਾਰ ਤੇ ਕਰਾਉਣ ਦੀ ਲੋੜ ਹੋਵੇਗੀ ਉਸ ਨੂੰ ਉਨ੍ਹਾਂ ਦੀਆਂ ਸਿਫਾਰਸਾ ਅਨੁਸਾਰ ਕਰਵਾਇਆ ਜਾਵੇਗਾ। ਇਸ ਕਮੇਟੀ ਵਿਚ ਮਿਊਸੀਪਲ ਕੌਂਸਲ ਮੁਹਾਲੀ ਨੂੰ ਵੀ ਸਾਮਿਲ ਕੀਤਾ ਜਾਵੇਗਾ, ਉਨ੍ਹਾਂ ਦੀ ਰਾਏ ਲੈਣ ਉਪਰੰਤ ਇਹ ਕੰਮ ਸਮੇਂ ਦੀ ਜਰੂਰਤ ਅਤੇ ਸੜਕ ਦੀ ਹਾਲਤ ਅਨੁਸਾਰ ਹੀ ਕਰਵਾਇਆ ਜਾਵੇਗਾ।

ਇਸ ਸਬੰਧੀ ਅਜੰਡਾ ਅਥਾਰਟੀ ਅੱਗੇ ਵਿਚਾਰਨ ਅਤੇ ਕਾਰਜਬਾਦ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

2150
26/10/10

ਪਹਿੰਦੇ ਹਾਂ ਕਿ ਨਕਲ ਰਿਕਾਰਡ ਵਿੱਚ ਰੱਖੀ ਜਾਵੇ

ਦਫ਼ਤਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਸਾਹਿਬਜਾਦਾ ਅਜੀਤ ਸਿੰਘ ਨਗਰ।

ਵੱਲ

1. ਨਿਗਰਾਨ ਇੰਜੀਨੀਅਰ (ਸੀ-1/ਸੀ-2),
ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ।
2. ਮੰਡਲ ਇੰਜੀਨੀਅਰ (ਸੀ-1/ਸੀ-2),
ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ।

No- 5945 Dt 25/10/10

ਵਿਸ਼ਾ:- ਜਿਲਾ ਐਸ.ਏ.ਐਸ. ਨਗਰ ਵਿੱਚ ਆਵਾਜਾਈ ਪ੍ਰਬੰਧਾਂ ਨੂੰ ਸੁਧਾਰਨ ਅਤੇ ਦੁਰਘਟਨਾਵਾਂ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਤਜਵੀਜ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਡਿਪਟੀ ਕਮਿਸ਼ਨਰ, ਸਾਹਿਬਜਾਦਾ ਅਜੀਤ ਸਿੰਘ ਨਗਰ (ਫੁਟਕਲ ਸਾਖਾ) ਦਫਤਰ ਵਲੋਂ ਪ੍ਰਾਪਤ ਪੱਤਰ ਨੰ: 4295-97/ਐਮ.ਸੀ.-2 ਮਿਤੀ 12.10.10 ਦੀ ਨਕਲ ਸਮੇਤ ਸਹਿ ਪੱਤਰਾਂ ਦੇ ਆਪ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਇਸ ਪ੍ਰਤੀ ਇੱਕ ਮੀਟਿੰਗ ਮੁੱਖ ਇੰਜੀਨੀਅਰ ਜੀ ਦੇ ਦਫਤਰੀ ਕਮਰੇ ਵਿੱਚ ਮਿਤੀ 26.10.10 ਨੂੰ ਸਵੇਰੇ 11.00 ਵਜੇ ਹੋਵੇਗੀ, ਜਿਸ ਵਿੱਚ ਸ਼ਾਮਿਲ ਹੋਣਾ ਯਕੀਨੀ ਬਣਾਓ ਜੀ।

ਨੱਥੀ/ਉਕਤ ਅਨੁਸਾਰ।

ਮੰਡਲ ਇੰਜੀਨੀਅਰ,(ਮੁੱ.ਦ.)
ਵਾਸਤੇ ਮੁੱਖ ਇੰਜੀਨੀਅਰ

/2010/5084-87 ਮਿਤੀ 28-10-2010

[illegible handwritten endorsement]

Daily No. 4974 Dt. 29/10/10

ਦਫ਼ਤਰ ਡਿਪਟੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
(ਫੁਟਕਲ ਸ਼ਾਖਾ)

C.E. GMADA
Diary No. 3249
Date 20-10-10

Center Diary
GMADA, Mohali
No. 27881 Dt. 12.10.10

ਸੇਵਾ ਵਿਖੇ

1. ਮੁੱਖ ਪ੍ਰਸ਼ਾਸਕ ਗਮਾਡਾ,
   ਐਸ.ਏ.ਐਸ.ਨਗਰ।
2. ਕਾਰਜ ਸਾਧਕ ਅਫਸਰ,
   ਮਿਊਂਸਪਲ ਕਮੇਟੀ.ਐਸ.ਏ.ਐਸ.ਨਗਰ।
3. ਕਾਰਜਕਾਰੀ ਇੰਜੀਨੀਅਰ,
   ਲੋਕ ਨਿਰਮਾਣ ਵਿਭਾਗ,ਪੰਜਾਬ,
   ਐਸ.ਏ.ਐਸ.ਨਗਰ।

ਨੰਬਰ 12 95-97/ਐਮ.ਸੀ-2 ਮਿਤੀ 12-10-2010

ਵਿਸ਼ਾ: ਜ਼ਿਲ੍ਹਾ ਐਸ.ਏ.ਐਸ.ਨਗਰ ਵਿੱਚ ਆਵਾਜਾਈ ਪ੍ਰਬੰਧਾਂ ਪ੍ਰਬੰਧਾਂ ਨੂੰ ਸੁਧਾਰਨ ਅਤੇ ਦੁਰਘਟਨਾਵਾਂ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਤਜਵੀਜ਼ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਨੂੰ ਸੀਨੀਅਰ ਪੁਲਿਸ ਕਪਤਾਨ,ਐਸ.ਏ.ਐਸ.ਨਗਰ ਤੋਂ ਪ੍ਰਾਪਤ ਹੋਏ ਅ:ਸ:ਪੱਤਰ ਅਤੇ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਅਤੇ ਸੜਕ ਦੁਰਘਟਨਾਵਾਂ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਤਜਵੀਜ਼ ਦੀ ਕਾਪੀ ਆਪ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ:- ਉਕਤ ਅਨੁਸਾਰ

ਵਾ: ਡਿਪਟੀ ਕਮਿਸ਼ਨਰ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: /ਐਮ.ਸੀ-2 ਮਿਤੀ /2010

ਇਸਦਾ ਇੱਕ ਉਤਾਰਾ ਸੀਨੀਅਰ ਪੁਲਿਸ ਕਪਤਾਨ,ਐਸ.ਏ.ਐਸ.ਨਗਰ ਨੂੰ ਉਨ੍ਹਾਂ ਦੇ ਦਫ਼ਤਰ ਦੇ ਅ:ਸ:ਪੱਤਰ ਨੰ:1901/ਡੀ ਓ ਮਿਤੀ 4-9-2010 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਾ: ਡਿਪਟੀ ਕਮਿਸ਼ਨਰ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

D.E.(H&T)

Let S.E. (C-1) / C2, D.F. C-1/C2 be called for a meeting on 26/10 at 11.00 A.M. Along with a letter to SSP for perusal & ref.

20/10

...ਤ ਸਿੰਘ ਭੁੱਲਰ
ਪੀ.ਪੀ.ਐਸ.
ਸੀਨੀਅਰ ਪੁਲਿਸ ਕਪਤਾਨ
ਐਸ.ਏ.ਐਸ. ਨਗਰ

ਟੈਲੀਫੋਨ 0172-2270577 (ਦਫਤਰ)
0172-2270009 (ਘਰ)
ਫੈਕਸ 0172-2270360

ਅ.ਸ. ਪੱਤਰ ਨੰ. 190/ਜੀ
ਮਿਤੀ 4/09/10

ਵਿਸ਼ਾ: ਜਿਲਾ ਐਸ ਏ ਐਸ ਨਗਰ ਵਿੱਚ ਆਵਾਜਾਈ ਪ੍ਰਬੰਧਾਂ ਨੂੰ ਸੁਧਾਰਨ ਅਤੇ ਦੁਰਘਟਨਾਵਾਂ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਤਜਵੀਜ਼ ਬਾਰੇ।

ਪਿਆਰੇ ਸ੍ਰੀ ਪ੍ਰਵੀਨ ਕੁਮਾਰ ਜੀ,

ਮਾਨਯੋਗ ਉਪ ਮੁੱਖ ਮੰਤਰੀ, ਪੰਜਾਬ ਜੀ ਦੀ ਮਿਤੀ 25.08.2010 ਨੂੰ ਜਿਲਾ ਐਸ ਏ ਐਸ ਨਗਰ ਵਿਖੇ ਆਮਦ ਦੇ ਦੌਰਾਨ ਉਹਨਾਂ ਅੱਗੇ ਜਿਲ੍ਹੇ ਦੀ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਅਤੇ ਸੜਕ ਦੁਰਘਟਨਾਵਾਂ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਤਜਵੀਜ਼ ਪੇਸ਼ ਕੀਤੀ ਗਈ ਸੀ। ਇਸ ਤਜਵੀਜ਼ ਨੂੰ ਅਮਲ ਵਿੱਚ ਲਿਆਉਣ ਲਈ ਆਵਾਜਾਈ ਨਾਲ ਸਬੰਧਤ ਕਾਰਜਾਂ ਨੂੰ ਨੇਪਰੇ ਚੜਾਉਣਾ ਲਾਜ਼ਮੀ ਹੈ, ਜੋ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਹਨ। ਇਸ ਲਈ ਤਿਆਰ ਕੀਤੀ ਗਈ ਤਜਵੀਜ਼ ਦੀ ਇੱਕ ਕਾਪੀ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਕਾਰਜਾਂ ਨੂੰ ਮੁਕੰਮਲ ਕਰਨ ਲਈ ਸਬੰਧਤ ਵਿਭਾਗਾਂ ਨੂੰ ਹਦਾਇਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

[illegible]

(ਗੁਰਪ੍ਰੀਤ ਸਿੰਘ ਭੁੱਲਰ)

ਸ੍ਰੀ ਪਰਵੀਨ ਕੁਮਾਰ, ਆਈ.ਏ.ਐਸ.,
ਡਿਪਟੀ ਕਮਿਸ਼ਨਰ,
ਐਸ.ਏ.ਐਸ ਨਗਰ।

ਪਿ.ਨੰ: /ਸੀ ਆਰ ਸੀ ਮਿਤੀ

ਉਪਰੋਕਤ ਦਾ ਉਤਾਰਾ, ਮੁੱਖ ਪ੍ਰਸ਼ਾਸਕ, ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ ਏ ਐਸ ਨਗਰ ਪਾਸ ਸੂਚਨਾ ਅਤੇ ਬਣਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਸੀਨੀਅਰ ਕਪਤਾਨ ਪੁਲਿਸ,
ਐਸ ਏ ਐਸ ਨਗਰ

ੳ'

Diary No. 3767 Dated 28/12/10

ਗਰੇਟਰ ਮੋਹਾਲੀ ਏਰੀਆ ਵਿੱਕਾਸ ਅਥਾਰਿਟੀ,
ਪੁਡਾ ਭਵਨ ਸੈਕਟਰ 62 ਐਸ: ਏ: ਐਸ: ਨਗਰ ।

ਦਫਤਰੀ ਹੁਕਮ -

ਪੁੱਡਾ ਵੱਲੋਂ ਜਾਰੀ ਅਧਿਕਾਰਤ ਸਕਤੀਆਂ 1997 ਸੋਧੀਆਂ ਜਿਹਨਾਂ ਨੂੰ ਪੱਤਰ ਨੰਬਰ ਗਮਾਡਾ-ਪ੍ਰਸਾਸਨ-4-2008-3036-59 ਮਿਤੀ 3-03-08 ਦੁਆਰਾ ਗਮਾਡਾ ਵਿੱਚ ਲਾਗੂ ਕੀਤਾ ਗਿਆ ਹੈ ਉੱਸ ਦੇ ਸੈਕਸਨ-2 (ਕੰਮ) ਲੜੀ ਨੰ: 1(ਬੀ ) ਅਨੁਸਾਰ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਟਰੈਫਿਕ ਨੂੰ ਸੁਚਾਰੂ ਢੰਗ ਲਾਲ ਚਲਾਉਣ ਲਈ ਸੁਰੱਖਿਅਤ ਇਨਫਰਾਸਟਕਚ੍ਰਜ ਮੁਹਇਆ ਕਰਵਾਉਣ ਦੇ ਕੰਮ ਉਤੇ ਹੋਣ ਵਾਲੇ ਖਰਚੇ ਦੀ ਖਰਚੇ ਲਈ 140.00 (ਇੱਕ ਸੌ ਚਾਲ਼ੀ ਲੱਖ ਰੁਪਏ ) ਦੀ ਪ੍ਰਸਾਸਕੀ ਪ੍ਰਵਾਨਗੀ ਨਿਮਨਲਿਖਤ ਸਰਤਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ

1. ਕੰਮ ਕਰਾਉਣ ਸਮੇ ਇੱਕ ਕਮੇਟੀ ਜਿਸ ਦੇ ਨਿਗਰਾਨ ਇੰਜੀਨੀਅਰ (ਸੀ-1) ਬਤੌਰ ਚੇਅਰਮੈਨ , ਜਿਲਾ ਨਗਰ ਯੋਜਨਾਕਾਰ , ਈ ਓ ਮਿਊਸੀਪਲ ਕਾਉਂਸਲ ਮੋਹਾਲੀ ਜਾਂ ਉਹਨਾ ਦੇ ਜੁੰਮੇਵਾਰ ਨੁਮਾਇੰਦੇ ਅਤੇ ਸਬੰਧਤ ਮੰਡਲ ਇੰਜਨੀਅਰ ਸਿਵਲ ਬਤੌਰ ਮੈਬਰ ਹੋਣਗੇ ,ਵਲੋ ਕੰਮ ਸੁਰੂ ਕਰਨ ਕਰਨ ਤੇ ਪਹਿਲਾ ਜਿਹੜੀ ਵੀ ਸੜਕ ਤੇ ਜੋ ਵੀ ਕੰਮ ਕਰਵਾਉਣਾ ਹੇ ਉਸ ਬਾਰੇ ਫੈਸਲਾ ਕੀਤਾ ਜਾਵੇਗਾ ।
2. ਇਸ ਕੰਮ ਦੇ ਟੈਂਡਰ ਕਾਲ ਕਰਨ ਤੋਂ ਪਹਿਲਾਂ ਇਸ ਕੰਮ ਦੇ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਸਮਰੱਥ ਅਧਿਕਾਰੀਆਂ ਤੋਂ ਪ੍ਰਾਪਤ ਕੀਤੀ ਜਾਵੇ
3. ਇਸ ਕੰਮ ਨੂੰ ਪੀ ਡਬਲਿਊ ਡੀ ( ਬੀ ਐਂਡ ਆਰ/ ਜਨ ਸਿਹਤ ) ਅਤੇ ਬਿਜਲੀ ਬੋਰਡ ਵਲੋ ਨਿਰਧਾਰਤ ਸਪੇਸੀਫਿਕੇਸਨ ਅਨੁਸਾਰ ਕੀਤਾ ਜਾਣਾ ਯਕੀਨੀ ਕੀਤਾ ਜਾਵੇ।
4. ਇਸ ਕੰਮ ਨੂੰ ਕਰਾਉਂਦੇ ਸਮੇਂ ਸਾਰੀਆਂ ਵਿੱਤੀ ਅਤੇ ਤਕਨੀਕੀ ਹਦਾਇਤਾਂ/ਰੂਲਾਂ ਦੇ ਨੂੰ ਧਿਆਨ ਵਿੱਚ ਰੱਖਿਆ ਜਾਣਾ ਯਕੀਨੀ ਕੀਤਾ ਜਾਵੇ ।
5. ਸਬੰਧਤ ਮੰਡਲ ਇੰਜੀਨੀਅਰ ਵਲੋ ਇਹ ਯਕੀਨੀ ਬਣਾਉਣ ਕਿ ਇਸ ਕੰਮ ਦੇ ਖਰਚੇ ਦੀ ਵਿਵਸਥਾ ਸਾਲ 2010-11 ਦੇ ਬਜਟ ਵਿੱਚ ਕੀਤੀ ਜਾਣੀ ਯਕੀਨੀ ਕੀਤਾ ਜਾਵੇ ।

ਵਿਵੇਕ ਪ੍ਰਤਾਪ ਸਿੰਘ
ਆਈ ਏ.ਐਸ.
ਮੁੱਖ ਪ੍ਰਸਾਸਕ,
ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਤੀ: 24-12-2010

27/12

ਪਿੱਠ ਅੰਕਣ ਨੰ: ਗਮਾਡਾ- ਮੰ ਇੰਜ:(ਮੁਦ)/2010/ 6689 ਮਿਤੀ: 27/12/10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿਗਰਾਨ ਇੰਜੀਨੀਅਰ (ਸੀ-1) ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ
2. ਲੇਖਾ ਅਫਸਰ (ਪ੍ਰੀ ਚੈੱਕ) ,ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ
3. ਮੰਡਲ ਇੰਜੀਨੀਅਰ (ਸੀ-1), ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲ ਤਖਮੀਨੇ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਇਸ ਕੰਮ ਦੇ ਟੈਂਡਰ ਮੰਗਣ ਤੋਂ ਪਹਿਲਾਂ ਤਖਮੀਨੇ ਦੀ ਤਕਨੀਕੀ ਮੰਨਜੂਰੀ ਸਮਰੱਥ ਅਧਿਕਾਰੀਆਂ ਤੋ ਪ੍ਰਾਪਤ ਕੀਤੀ ਜਾਵੇ ਜੀ।

ਮੰਡਲ ਇੰਜੀਨੀਅਰ (ਮੁ ਦ)
ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ

ਪਿੱਠ ਅੰਕਣ ਨੰ: ਗਮਾਡਾ- ਮੰ ਇੰਜ:(ਮੁਦ)/2010/ ਮਿਤੀ:

1. ਨਿਜੀ ਸਹਾਇਕ ਮੁੱਖ ਪ੍ਰਸਾਸਕ (ਮ),ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਲ ਮੁੱਖ ਪ੍ਰਸਾਸਕ (ਮ),ਗਮਾਡਾਜੀ ਦੀ ਸੂਚਨਾ ਹਿਤ
2. ਨਿਜੀ ਸਹਾਇਕ ਵਧੀਕ ਮੁੱਖ ਪ੍ਰਸਾਸਕ (ਮ),ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਲ ਵਧੀਕ ਮੁੱਖ ਪ੍ਰਸਾਸਕ (ਮ),ਗਮਾਡਾ ਜੀ ਦੀ ਸੂਚਨਾ ਹਿਤ
3. ਨਿਜੀ ਸਹਾਇਕ ਮੁੱਖ ਇੰਜੀਨੀਅਰ ,ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਲ ਮੁੱਖ ਇੰਜੀਨੀਅਰ,ਗਮਾਡਾ ਜੀ ਦੀ ਸੂਚਨਾ ਹਿਤ

ਮੰਡਲ ਇੰਜੀਨੀਅਰ (ਮੁ ਦ)
ਗਮਾਡਾ ਸਾਹਿਬਜਾਦਾ ਅਜੀਤ ਸਿੰਘ ਨਗਰ

ਆਈਟਮ ਨੰ: -ਤੀ।

ਆਈਟਮ ਨੰ: 8.21.

(ਅਥਾਰਟੀ ਮੀਟਿੰਗ)

ਵਿਸ਼ਾ :- ਐਰੋ ਸਿਟੀ ਲਈ ਪ੍ਰਾਪਤ ਕੀਤੀ ਗਈ ਭੌਂ ਵਿੱਚ ਭੌਂ ਮਾਲਕਾਂ ਵੱਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸ਼ਨ ਲੈਣ ਬਾਰੇ।

1.0 ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਵਿੱਚ ਜਮੀਨ ਐਕੁਆਇਰ ਕਰਨ ਲਈ ਭੌਂ ਮਾਲਕਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਜਮੀਨ ਗ੍ਰਹਿਣ ਕਰਨ ਦੀ ਨੀਤੀ ਵਿੱਚ ਸੋਧ ਕਰਦਿਆ ਹੋਇਆ ਪੱਤਰ ਨੰ: 1/43/07/07-ਭਮ1/7158 ਮਿਤੀ 5-9-2008 *(ਅਨੁਲਗ-A)* ਰਾਹੀਂ ਹਦਾਇਤਾਂ ਜਾਰੀ ਕਰਦਿਆ ਲੈਂਡ ਪੂਲਿੰਗ ਸਕੀਮ ਤਹਿਤ ਭੌਂ ਮਾਲਕਾਂ ਨੂੰ ਲਾਭ ਦੇਣ ਦਾ ਫੈਸਲਾ ਲਿਆ ਗਿਆ।

2.0 ਉੱਕਤ ਪ੍ਰਾਪਤ ਹੋਏ ਫੈਸਲੇ ਦੇ ਆਧਾਰ ਤੇ ਗਮਾਡਾ ਵੱਲੋਂ ਸ਼ਹਿਰੀ ਮਿਲਖ ਮੋਹਾਲੀ ਸੈਕਟਰ-66-66ਏ ਤੋਂ ਛੱਤ ਐਨ.ਐਚ.64 ਤੱਕ ਮਿਕਸ ਲੈਂਡ ਯੂਜ 300 ਮੀਟਰ ਦੋਨੋਂ ਪਾਸੇ (ਕੁਲ ਰਕਬਾ 771.34 ਏਕੜ) ਅਵਾਰਡ ਨੰ: 508 ਮਿਤੀ 16-4-2010 ਰਾਹੀਂ ਭੌਂ ਪ੍ਰਾਪਤ ਕੀਤੀ ਗਈ, ਜਿਸ ਵਿੱਚ ਭੌਂ ਮਾਲਕਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਵਾਨਤ ਸਕੀਮ ਅਨੁਸਾਰ ਲੈਂਡ ਪੂਲਿੰਗ ਸਕੀਮ ਦਾ ਉਪਬੰਧ ਕੀਤਾ ਗਿਆ ਸੀ। ਜਿਸ ਤਹਿਤ ਅਜੰਡਾ ਆਈਟਮ ਨੰ: 5.15 *(ਅਨੁਲਗ-B)* ਰਾਹੀ ਭੌਂ ਮਾਲਕਾਂ ਨੂੰ ਹੇਠ ਲਿਖੀਆਂ ਸਹੂਲਤਾ ਦੇਣ ਲਈ ਅਥਾਰਟੀ ਦੀ 5ਵੀਂ ਮੀਟਿੰਗ ਵਿੱਚ ਫੈਸਲਾ ਲਿਆ ਗਿਆ।

i. ਲੈਂਡ ਪੂਲਿੰਗ ਸਕੀਮ ਤਹਿਤ ਸਹਿਮਤੀ ਦੇਣ ਵਾਲੇ ਭੌਂ ਮਾਲਕਾਂ ਨੂੰ ਪ੍ਰਤੀ ਏਕੜ 968 ਵ:ਗ ਰਿਹਾਇਸ਼ੀ ਅਤੇ 121 ਵ:ਗ ਕਮਰਸ਼ੀਅਲ (ਜਿਸ ਵਿੱਚ ਪਾਰਕਿੰਗ ਦਾ ਰਕਬਾ ਸ਼ਾਮਲ ਹੈ) ਦਿੱਤਾ ਜਾਵੇਗਾ।

ਲੈਂਡ ਪੂਲਿੰਗ ਸਕੀਮ ਲਈ ਭੋਂ ਐਕਵਾਇਰ ਕਰਕੇ ਅਤੇ ਭੋਂ ਮਾਲਕਾਂ ਤੋਂ ਕਬਜਾ ਲੈਣ ਉਪਰੰਤ, ਭੋਂ ਨੂੰ ਵਿਕਸਤ ਕਰਨ ਉਪਰੰਤ ਉਨ੍ਹਾਂ ਦੇ ਬਣਦੇ ਹਿੱਸੇ ਦਾ ਕਬਜਾ ਦੇਣ ਦੇ ਸਮੇਂ ਤੱਕ ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ ਦੀ ਸਿਫਾਰਸ਼ ਅਨੁਸਾਰ ਸਾਲਾਨਾ ਠੇਕਾ ਮਾਰਕੀਟ ਰੇਟ ਅਨੁਸਾਰ ਦਿੱਤਾ ਜਾਵੇਗਾ।

iii. ਲੈਂਡ ਪੂਲਿੰਗ ਸਕੀਮ ਅਧੀਨ ਦਿੱਤੇ ਜਾਣ ਵਾਲੇ ਪਲਾਟਾਂ ਦੀ ਰਜਿਸਟਰੀ ਭੌਂ ਮਾਲਕਾਂ ਦੇ ਹੱਕ ਵਿੱਚ ਕਰਵਾਉਣ ਸਮੇਂ ਅਸਟਾਮ ਡਿਊਟੀ ਦੀ ਛੋਟ ਦਿੱਤੀ ਜਾਵੇਗੀ ।

iv. ਰਿਹਾਇਸ਼ੀ ਪਲਾਟ ਅਤੇ ਕਮਰਸ਼ੀਅਲ ਪਲਾਟ ਦੀ ਉਸਾਰੀ ਦਾ ਸਮਾਂ 3 ਸਾਲ ਦੀ ਬਜਾਏ 5 ਸਾਲ ਦਾ ਦਿੱਤਾ ਜਾਵੇਗਾ।

v. ਭੌਂ ਮਾਲਕ ਆਪਣੀ ਕੁੱਲ ਭੌਂ ਵਿੱਚੋਂ ਕੁੱਝ ਹਿੱਸੇ ਤੇ ਵੀ ਲੈਂਡ ਪੂਲਿੰਗ ਸਕੀਮ ਲੈ ਸਕਦੇ ਹਨ।

3.0 ਉੱਕਤ ਲਏ ਗਏ ਫੈਸਲੇ ਦੇ ਸਨਮੁੱਖ ਅਵਾਰਡ ਨੰ: 508 ਮਿਤੀ 16-4-2010 ਰਾਹੀਂ ਐਰੋ ਸਿਟੀ ਲਈ 771.34 ਏਕੜ ਭੌਂ ਲਈ ਐਕੁਆਇਰ ਕੀਤੀ ਗਈ ਸੀ ਅਤੇ ਉੱਕਤ ਪ੍ਰਵਾਨ ਪਾਲਿਸੀ ਅਨੁਸਾਰ ਭੌਂ ਮਾਲਕ ਤੋਂ ਲੈਂਡ ਪੂਲਿੰਗ ਲਈ ਉਨ੍ਹਾਂ ਦੀਆਂ ਸਹਿਮਤੀਆਂ ਦੀ ਮੰਗ ਕੀਤੀ ਗਈ ਸੀ। ਜਿਸ ਤਹਿਤ ਹੇਠਾਂ ਰਖੀ <u>*ਝੰਡੀ-ੳ ਅਤੇ ਅ*</u> ਤੇ ਰਖੀਆਂ ਲਿਸਟਾਂ ਵਿੱਚ ਦਰਸਾਏ ਕੁੱਲ 107 ਭੌਂ ਮਾਲਕਾ ਵੱਲੋਂ ਲਗਭਗ 151 ਏਕੜ ਭੌਂ ਲਈ ਲੈਂਡ ਪੂਲਿੰਗ ਲਈ ਦਿੱਤੀਆਂ ਸਹਿਮਤੀਆਂ ਨੂੰ ਵਾਚਣ ਤੇ ਪਾਇਆ ਗਿਆ ਕਿ ਭੌਂ ਮਾਲਕਾਂ ਵੱਲੋਂ ਵੱਖ-ਵੱਖ ਏਰੀਏ ਤਹਿਤ ਦਿੱਤੀਆਂ ਗਈਆਂ ਸਹਿਮਤੀਆਂ ਅਨੁਸਾਰ ਉੱਕਤ ਲਏ ਗਏ ਫੈਸਲੇ ਕਿ 1 ਏਕੜ ਦੇ ਵਿਰੁਧ 968 ਵ:ਗ ਰਿਹਾਇਸ਼ੀ ਪਲਾਟ ਦਿੱਤਾ ਜਾਵੇ , ਦੇ ਸਨਮੁੱਖ ਐਰੋ ਸਿਟੀ ਵਿੱਚ ਕਾਰਵ ਆਊਟ ਕੀਤੇ ਪਲਾਟਾਂ ਨਾਲ ਇਹ ਰਕਬਾ ਮੇਲ ਨਹੀਂ ਖਾਂਦਾ।

4.0 ਇਸ ਤਰ੍ਹਾਂ ਭੌਂ ਮਾਲਕਾਂ ਤੋਂ ਹੇਠਾਂ ਦਰਸਾਈਆਂ ਆਪਸ਼ਨਾਂ ਅਨੁਸਾਰ ਉਨ੍ਹਾਂ ਦੀ ਸਹਿਮਤੀ ਮੰਗਣੀ ਯੋਗ ਹੈ। ਕਿਉਂਕਿ ਇਸ ਦੌਰਾਨ ਕੁੱਝ ਭੌਂ ਮਾਲਕਾਂ ਵੱਲੋਂ ਮਾਣਯੋਗ ਪੰਜਾਬ

ਹਰਿਆਣਾ ਹਾਈ ਕੋਰਟ ਵਿੱਚ ਲੈਂਡ ਪੂਲਿੰਗ ਸਕੀਮ ਲੈਣ ਲਈ ਕੇਸ ਦਾਇਰ ਕਰ ਦਿੱਤਾ ਗਿਆ। ਜਿਹੜਾ ਕਿ ਮਿਤੀ 24-9-2010 ਨੂੰ ਸੁਣਵਾਈ ਲਈ ਕੋਰਟ ਵਿੱਚ ਲਗਾ ਸੀ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਉੱਕਤ ਮਿਤੀ ਨੂੰ ਐਰੋ ਸਿਟੀ ਲਈ ਡਰਾਅ ਦੀ ਆਗਿਆ ਦਿੰਦੇ ਹੋਏ ਭੌਂ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਦੇਣ ਲਈ ਭੌਂ ਮਾਲਕਾਂ ਦੀ ਯੋਗਤਾ ਤੈਅ ਕਰਕੇ ਡਰਾਅ ਵਿੱਚ ਕਾਮਯਾਬ ਹੋਏ ਅਲਾਟੀਆਂ ਦੇ ਨਾਲ-ਨਾਲ ਐਲ.ਓ.ਆਈ. ਜਾਰੀ ਕਰਨ ਦੇ ਹੁਕਮ ਜਾਰੀ ਕੀਤੇ। ਭੌਂ ਮਾਲਕਾਂ ਨੂੰ ਲੈਟਰ ਆਫ ਇੰਟੈਂਟ ਉਨ੍ਹਾਂ ਕੋਲੋਂ ਪਲਾਟ ਦੇ ਸਾਈਜ ਦੀਆਂ ਸਹਿਮਤੀਆਂ ਲੈਣ ਉਪਰੰਤ ਜਾਰੀ ਕੀਤੇ ਜਾਣੇ ਹਨ (ਝੰਡੀ-ੲ) । ਇਹ ਸਹਿਮਤੀਆਂ ਐਰੋ ਸਿਟੀ ਵਿਖੇ ਕਾਰਵ ਆਊਟ ਕੀਤੇ ਪਲਾਟ ਸਾਈਜਾਂ ਨੂੰ ਮੁੱਖ ਰਖਕੇ ਬਣਾਈਆਂ ਗਈਆਂ ਹਨ। ਇਸ ਅਨੁਸਾਰ ਭੌਂ ਮਾਲਕ ਕੋਈ ਆਪਸ਼ਨ ਲਈ ਸਹਿਮਤੀ ਦਿੰਦਾ ਹੈ ਅਤੇ ਪਲਾਟਾਂ ਦੀ ਗਿਣਤੀ ਆਪਸਨਾਂ ਦੇ ਨਾਲ ਮੇਲ ਖਾਂਦੀ ਹੋਵੇਗੀ ਤਾਂ ਸਿੱਧੇ ਤੌਰ ਤੇ ਅਲਾਟਮੈਂਟ ਕਰ ਦਿੱਤੀ ਜਾਵੇਗੀ ਅਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਗਮਾਡਾ ਵਿਖੇ ਪਹਿਲਾਂ ਹੀ ਗਠਿਤ ਡਰਾਅ ਕਮੇਟੀ ਰਾਹੀਂ ਹੇਠ ਲਿਖੇ ਤਰਤੀਬ ਅਨੁਸਾਰ ਡਰਾਅ ਕੱਢੇ ਜਾਣ ਦਾ ਪ੍ਰਸਤਾਵ ਹੈ। ਕਿਸੇ ਕਿਸਮ ਦੇ ਝਗੜੇ ਸਬੰਧੀ ਮੁੱਖ ਪ੍ਰਸਾਸਕ, ਗਮਾਡਾ ਜਾਂ ਉਨ੍ਹਾਂ ਵੱਲੋਂ ਨਾਮਜਦ ਆਰਬੀਟ੍ਰੇਟਰ ਵੱਲੋਂ ਸੁਣਿਆ ਜਾਵੇਗਾ:-

1. ਸਭ ਤੋਂ ਪਹਿਲਾਂ ਪੂਰੇ 1 ਏਕੜ ਵਾਲੀ ਜਾਂ 1 ਏਕੜ ਦੇ ਮਲਟੀਪਲ ਭਾਵ 2, 3 ਅਤੇ 4 ਏਕੜ ਵਾਲੇ ਆਪਸਨ ਸੈੱਟ ਜੋ ਹੇਠ ਲਿਖੇ ਹਨ :-

| | |
|---|---|
| ੳ | ਸਾਈਜ 500 ਵ.ਗ. + 200 ਵ.ਗ.+ 150 ਵ.ਗ.+ 125 ਵ.ਗ. = 975 ਵ.ਗ. |
| ਅ | ਸਾਈਜ 300 ਵ.ਗ. + 300 ਵ.ਗ.+ 250 ਵ.ਗ.+ 125 ਵ.ਗ. = 975 ਵ.ਗ. |
| ੲ | ਸਾਈਜ 500 ਵ.ਗ. + 300 ਵ.ਗ.+ 150 ਵ.ਗ. = 950 ਵ.ਗ. |

| |
|---|
| ਸਾਈਜ 500 ਵ.ਗ. + 250 ਵ.ਗ.+ 200 ਵ.ਗ. = 950 ਵ.ਗ. |

ਅਨੁਸਾਰ ਹਰੇਕ ਏਕੜ ਲਈ ਇੱਕ ਪਰਚੀ ਬਣਾ ਲਈ ਜਾਵੇਗੀ ਅਤੇ ਆਪਸ਼ਨ ਸੈਟ ਅਨੁਸਾਰ ਡਰਾਅ ਕਢਿਆ ਜਾਵੇਗਾ।

2. ਇਸ ਤੋਂ ਬਾਅਦ 1/2 ਏਕੜ ਵਾਲੀ ਆਪਸਨਾਂ ਨੂੰ ਵਿਚਾਰਿਆ ਜਾਵੇਗਾ ਜੋ ਹੇਠ ਲਿਖੇ ਅਨੁਸਾਰ ਹਨ :-

| | |
|---|---|
| ੳ | ਸਾਈਜ 300 ਵ.ਗ. + 200 ਵ.ਗ. = 500 ਵ.ਗ. |
| ਅ | ਸਾਈਜ 200 ਵ.ਗ. + 150 ਵ.ਗ.+125ਵ.ਗ. = 475 ਵ.ਗ. |

ਦਾ ਡਰਾਅ ਕਢਿਆ ਜਾਵੇਗਾ।

3. ਇਸ ਤੋਂ ਬਾਅਦ 1/3 ਏਕੜ ਵਾਲੀ ਆਪਸਨਾਂ ਨੂੰ ਵਿਚਾਰਿਆ ਜਾਵੇਗਾ ਜੋ ਹੇਠ ਲਿਖੇ ਅਨੁਸਾਰ ਹਨ :-

| | |
|---|---|
| ੳ | ਸਾਈਜ 150 ਵ.ਗ. + 150 ਵ.ਗ. = 300 ਵ.ਗ. |
| ਅ | ਸਾਈਜ 200 ਵ.ਗ. + 125 ਵ.ਗ. = 325 ਵ.ਗ. |
| ੲ | ਸਾਈਜ 300 ਵ.ਗ. ਦਾ ਇੱਕ ਪਲਾਟ |

ਦਾ ਡਰਾਅ ਕਢਿਆ ਜਾਵੇਗਾ ।

4. ਉਪਰੋਕਤ ਦਰਸਾਈ ਤਿੰਨੋ ਆਪਸਨਾਂ ਤੋਂ ਬਚਦੇ ਫਰੈਕਸਨ/ਡੈਸੀਮਲ ਵਾਲੇ ਏਰੀਏ ਦੇ ਉਪਲਬੱਧ ਪਲਾਟ ਸਿੱਧੇ ਤੌਰ ਤੇ ਦਿੱਤੇ ਜਾ ਸਕਦੇ ਹਨ ਜਾਂ ਲੋੜ ਪੈਣ ਤੇ ਉਨ੍ਹਾਂ ਦਾ ਵੀ ਡਰਾਅ ਕਢਿਆ ਜਾਵੇਗਾ।

ਉਦਾਹਰਨ ਵੱਜੋਂ ਮੰਨ ਲਓ ਇੱਕ ਜਿਮੀਦਾਰ ਦੀ ਭੋਂ 2.75 ਏਕੜ ਹੈ ਤਾਂ ਉਸ ਦੇ 2 ਏਕੜ ਨੂੰ ਉਪਰੋਕਤ ਲੜੀ ਨੰ:1 ਵਿੱਚ ਵਿਚਾਰਿਆ ਜਾਵੇਗਾ। 1/2 ਏਕੜ ਨੂੰ ਲੜੀ ਨੰ:2 ਵਿੱਚ ਅਤੇ ਬਾਕੀ ਬਚਦੇ 0.25 ਏਰੀਏ ਨੂੰ ਲੜੀ ਨੰ:4 ਅਨੁਸਾਰ ਵਿਚਾਰਿਆ ਜਾਵੇਗਾ।

5.0 ਦਿੱਤੇ ਜਾਣ ਵਾਲੇ ਪਲਾਟਾਂ ਦੇ ਰਕਬੇ ਅਤੇ ਉਸ ਦੀ ਅਸਲ ਇੰਟਾਈਟਲਮੈਂਟ ਦਾ ਜੋ ਫਰਕ ਹੋਵੇਗਾ ਉਸ ਦਾ ਲੇਣ-ਦੇਣ ਪਲਾਟਾਂ ਦੀ ਸਕੀਮ ਪ੍ਰਾਈਸ ਅਨੁਸਾਰ ਕੀਤਾ ਜਾਵੇਗਾ ਜੋ ਕਿ ਇਸ ਸਕੀਮ ਵਿੱਚ ਮੌਜੂਦਾ ਰੇਟ 12,000/- ਰੁਪਏ ਪ੍ਰਤੀ ਵ.ਗ. ਹੈ।

6.0 ਉਪਰੋਕਤ ਤੋਂ ਇਲਾਵਾ 2 ਕੇਸਾਂ ਵਿੱਚ ਹਰੇਕ ਭੋਂ ਮਾਲਕ ਦੀ ਇੰਟਾਈਟਲਮੈਂਟ ਕੇਵਲ 49 ਵਰਗ ਗਜ ਬਣਦੀ ਹੈ ਜੋ ਕਿ ਸਕੀਮ ਵਿੱਚ ਘੱਟ ਤੋਂ ਘੱਟ ਸਾਈਜ ਦੇ ਪਲਾਟ 125 ਵਰਗ ਗਜ ਤੋਂ ਬਹੁਤ ਘੱਟ ਹੈ। ਇਨ੍ਹਾਂ ਕੇਸਾਂ ਲਈ ਹੇਠ ਲਿਖੀਆਂ ਆਪਸਨਾਂ ਵਿੱਚੋਂ ਕੋਈ ਇੱਕ ਆਪਸਨ ਲਈ ਜਾ ਸਕਦੀ ਹੈ:-

ੳ) ਇਨ੍ਹਾਂ ਭੋਂ ਮਾਲਕਾਂ ਨੂੰ 1.5 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੇ ਕੇ ਲੈਂਡ ਪੂਲਿੰਗ ਖਤਮ ਕੀਤੀ ਜਾ ਸਕਦੀ ਹੈ ਕਿਉਂਕਿ ਇਨ੍ਹਾਂ ਨੇ ਪਹਿਲਾਂ ਵੀ ਡੇਢ-ਡੇਢ ਏਕੜ ਦੀ ਕੀਮਤ ਚੁੱਕੀ ਹੋਈ ਹੈ। ਅਜਿਹਾ ਕਰਨ ਨਾਲ ਇਨ੍ਹਾਂ ਨੂੰ ਔਸਟੀ ਕੋਟੇ ਦੇ ਪਲਾਟ ਦਾ ਯੋਗਤਾ ਅਨੁਸਾਰ ਲਾਭ ਦਿੱਤਾ ਜਾ ਸਕਦਾ ਹੈ।

ਅ) ਇਨ੍ਹਾਂ ਦੋਨਾਂ ਭੋਂ ਮਾਲਕਾਂ ਨੂੰ ਇੰਟਾਈਟਲਮੈਂਟ ਸਰਟੀਫਿਕੇਟ ਦਿੱਤਾ ਜਾ ਸਕਦਾ ਹੈ ਜੋ ਕਿ ਵੇਚਣ ਯੋਗ ਹੋਵੇਗਾ ਅਤੇ ਉਹ ਕਿਸੇ ਵੀ ਹੋਰ ਫਰੈਕਸ਼ਨ/ਡੈਸੀਮਲ ਵਾਲੇ ਪਲਾਟ ਭੋਂ ਮਾਲਕ ਨਾਲ ਕਲਬ ਕਰ ਸਕਦਾ ਹੈ।

ਉਪਰੋਕਤ ਆਪਸਨਾਂ ਤੋਂ ਇਲਾਵਾ ਜੇਕਰ ਉਹ ਚਾਹੁੰਣਗੇ ਤਾਂ ਸਕੀਮ ਪ੍ਰਾਈਸ ਤੇ ਉਨ੍ਹਾਂ ਦੋਨਾਂ ਨੂੰ ਇੰਟਾਈਟਲਮੈਂਟ ਸਰਟੀਫਿਕੇਟ ਦੇ ਪੈਸੇ ਦਿੱਤੇ ਜਾ ਸਕਦੇ ਹਨ।

ਸ) ਇਨ੍ਹਾਂ ਦੋਨਾਂ ਭੌਂ ਮਾਲਕਾਂ ਨੂੰ ਵੱਖਰਾ-2 ਇੰਟਾਈਟਲਮੈਂਟ ਸਰਟੀਫਿਕੇਟ 125 ਵਰਗ ਗਜ ਦਾ ਵੱਖਰੇ ਤੌਰ ਦੇ ਕੇ ਬਾਕੀ ਰਹਿੰਦੀ ਰਕਮ ਸਕੀਮ ਪ੍ਰਾਈਸ ਤੇ ਵਸੂਲੀ ਜਾ ਸਕਦੀ ਹੈ। ਜਿਸ ਉਪਰੰਤ ਉਨ੍ਹਾਂ ਦੀ ਔਸਟੀ ਲਈ ਯੋਗਤਾ ਨਹੀਂ ਰਹੇਗੀ।

ਉਪਰੋਕਤ ਦਰਸਾਈ ਸਥਿਤੀ ਅਨੁਸਾਰ ਪੈਰਾ ਨੰ: 4.0 ਅਤੇ 5.0 ਦੀ ਪ੍ਰਵਾਨਗੀ ਅਤੇ ਪੈਰਾ ਨੰ: 6.0 ਸਬੰਧੀ ਫੈਸਲਾ ਕਰਵਾਉਣ ਲਈ ਅਜੰਡਾ ਗਮਾਡਾ ਅਥਾਰਟੀ ਦੇ ਸਨਮੁੱਖ ਪੇਸ਼ ਹੈ।

ਅਜੰਡਾ ਆਈਟਮ 9.12

ਅਥਾਰਿਟੀ:

ਵਿਸਾ: ਐਰੋਸਿਟੀ ਲਈ ਪ੍ਰਾਪਤ ਕੀਤੀ ਗਈ ਭੌਂ ਵਿਚ ਭੌਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਤਹਿਤ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਸਬੰਧੀ।

ਅਥਾਰਟੀ ਦੀ ਮੀਟਿੰਗ ਵਿਚ ਅਜੰਡਾ ਆਈਟਮ ਨੰ: 8.21 ਵਿਚ ਫੈਸਲਾ ਲਿਆ ਗਿਆ ਸੀ ਅਨਲੱਗ (ੳ) ਅਤੇ (ਅ) ਕਿ ਜਿਨਾਂ ਭੌਂ ਮਾਲਕਾਂ ਦੀ ਜਮੀਨ ਅਕਵਾਇਰ ਕੀਤੀ ਗਈ ਹੈ ਅਤੇ ਉਹ ਲੈਂਡ ਪੂਲਿੰਗ ਸਕੀਮ ਤਹਿਤ ਉਨਾਂ ਨੂੰ ਅਲਾਟ ਕੀਤੇ ਜਾਣ ਵਾਲੇ ਰਿਹਾਇਸੀ ਰਕਬੇ ਲਈ ਮੌਜੂਦਾ ਪਲਾਟਾਂ ਅਨੁਸਾਰ ਆਪਸਨਾਂ ਮੰਗ ਲਈਆਂ ਜਾਣ। ਸ੍ਰੀਮਤੀ ਮਮਤਾ ਰਾਣੀ ਪਤਨੀ ਸ੍ਰੀ ਸੋਨੂ ਛਾਬੜਾ ਅਤੇ ਸ੍ਰੀਮਤੀ ਸੰਤੋਸ ਰਾਣੀ ਪਤਨੀ ਸ੍ਰੀ ਸੋਮ ਨਾਥ ਜਿਨਾਂ ਦੀ ਲੈਂਡ ਅਕਵਾਇਰ ਕੀਤੀ ਗਈ ਹੈ, ਉਹਨਾਂ ਵਲੋਂ ਅਜੰਡਾ ਆਈਟਮ 8.21 ਦੇ ਲੜੀ ਨੰ: 6.0 ਅਨੁਸਾਰ ਲੈਂਡ ਪੂਲਿੰਗ ਤਹਿਤ ਸਹਿਮਤੀ ਦਿੱਤੀ ਗਈ ਸੀ ਪਰੰਤੂ ਅਕਵਾਇਰ ਹੋਈ ਜਮੀਨ ਵਿਰੁੱਧ ਉਨਾਂ ਦੀ ਹਰ ਇੱਕ ਦੀ ਯੋਗਤਾ ਸਿਰਫ 49-49 ਵ: ਗਜ ਬਣਦੀ ਸੀ। ਉਹਨਾਂ ਲਈ ਹੇਠ ਲਿਖੇ ਅਨੁਸਾਰ ਆਪਸਨਾਂ ਪ੍ਰਸਤਾਵਿਤ ਕੀਤੀਆਂ ਗਈਆਂ ਸਨ:-

ੳ.) ਇਨਾਂ ਭੌਂ ਮਾਲਕਾਂ ਨੂੰ 1.5 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੇ ਕੇ ਲੈਂਡ ਪੂਲਿੰਗ ਖਤਮ ਕੀਤੀ ਜਾ ਸਕਦੀ ਹੈ ਕਿਉਂਕਿ ਇਨਾਂ ਨੇ ਪਹਿਲਾਂ ਵੀ ਡੇਢ-ਡੇਢ ਏਕੜ ਦੀ ਕੀਮਤ ਚੁੱਕੀ ਹੋਈ ਹੈ। ਅਜਿਹਾ ਕਰਨ ਨਾਲ ਇਨਾਂ ਨੂੰ ਔਸਟੀ ਕੋਟੇ ਦੇ ਪਲਾਟ ਦਾ ਯੋਗਤਾ ਅਨੁਸਾਰ ਲਾਭ ਦਿੱਤਾ ਜਾ ਸਕਦਾ ਹੈ।

ਅ.) ਇਨਾਂ ਦੋਨਾਂ ਭੌਂ ਮਾਲਕਾਂ ਨੂੰ ਐਨਟਾਈਟਲਮੈਂਟ ਸਰਟੀਫਿਕੇਟ ਦਿੱਤਾ ਜਾ ਸਕਦਾ ਹੈ ਜੋ ਕਿ ਵੇਚਣ ਯੋਗ ਹੋਵੇਗਾ ਅਤੇ ਉਹ ਕਿਸੇ ਵੀ ਹੋਰ ਫਰੈਕਸਨ/ਡੈਸੀਮਲ ਵਾਲੇ ਪਲਾਟ ਭੌਂ ਮਾਲਕ ਨਾਲ ਕਲਬ ਕਰ ਸਕਦਾ ਹੈ।

ੲ.) ਉਪਰੋਕਤ ਆਪਸਨਾਂ ਤੋਂ ਇਲਾਵਾ ਜੇਕਰ ਉਹ ਚਾਹੁੰਣਗੇ ਤਾਂ ਸਕੀਮ ਪ੍ਰਾਈਸ ਤੇ ਉਨਾਂ ਦੋਨਾਂ ਨੂੰ ਇੰਟਾਈਟਲਮੈਂਟ ਸਰਟੀਫਿਕੇਟ ਦੇ ਪੈਸੇ ਦਿੱਤੇ ਜਾ ਸਕਦੇ ਹਨ।

ਸ.) ਇਨਾਂ ਦੋਨਾਂ ਭੌਂ ਮਾਲਕਾਂ ਨੂੰ ਵੱਖਰਾ-ਵੱਖਰਾ ਇੰਟਾਈਟਲਮੈਂਟ ਸਰਟੀਫਿਕੇਟ 125 ਵ: ਗਜ ਦਾ ਵੱਖਰੇ ਤੌਰ ਦੇ ਕੇ ਬਾਕੀ ਰਹਿੰਦੀ ਰਕਮ ਸਕੀਮ ਪਾਈਸ ਤੇ ਵਸੂਲੀ ਜਾ ਸਕਦੀ ਹੈ। ਜਿਸ ਉਪਰੰਤ ਉਨਾਂ ਦੀ ਔਸਟੀ ਲਈ ਯੋਗਤਾ ਨਹੀਂ ਰਹੇਗੀ।

ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਮਿਲਖ ਅਫਸਰ ਜੀ ਵਲੋਂ ਸ੍ਰੀਮਤੀ ਮਮਤਾ ਰਾਣੀ ਪਤਨੀ ਸ੍ਰੀ ਸੋਨੂ ਛਾਬੜਾ ਅਤੇ ਸ੍ਰੀਮਤੀ ਸੰਤੋਸ ਰਾਣੀ ਪਤਨੀ ਸ੍ਰੀ ਸੋਮਨਾਥ ਨੂੰ ਦਫਤਰ ਵਿਚ ਨਿੱਜੀ ਸੁਣਵਾਈ ਲਈ

ਮਿਤੀ 17-12-10 ਅਤੇ 23-12-10 ਨੂੰ ਬੁਲਾਇਆ ਗਿਆ। ਉਹਨਾਂ ਵਲੋਂ ਆਪਣੀ ਆਪਸਨ ੳ, ਅ, ੲ ਨੂੰ ਰੱਦ ਕਰਦੇ ਹੋਏ (ਸ) ਭਾਵ ਵੱਖਰਾ ਇਨਟਾਇਟਲਮੈਂਟ ਸਰਟੀਫਿਕੇਟ 125 ਵ: ਗਜ ਦਾ ਲੈਣ ਲਈ ਇੱਛਾ ਪ੍ਰਗਟ ਕੀਤੀ ਅਤੇ ਨਾਲ ਹੀ 49 ਵ: ਗਜ ਰਿਹਾਇਸੀ ਰਕਬੇ ਵਿਚ ਬਣਦਾ ਕਮਰਸੀਅਲ ਰਕਬਾ ਵੀ ਸਾਮਲ ਕਰਨ ਲਈ ਸਹਿਮਤੀ ਪ੍ਰਗਟ ਕੀਤੀ ਅਤੇ ਬਾਕੀ ਬਣਦੇ ਰਕਬੇ ਦੀ ਸਕੀਮ ਤਹਿਤ ਬਣਦੀ ਕੀਮਤ ਅਦਾ ਕਰਨ ਲਈ ਵੀ ਆਪਣੀ ਸਹਿਮਤੀ ਦਿੱਤੀ ਹੈ ਜੋ ਕਿ ਅਨੁਲੱਗ (ੲ) ਅਤੇ (ਸ) ਤੇ ਰੱਖੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਇਹਨਾਂ ਭੌਂ ਮਾਲਕਾਂ ਨੂੰ ਰਿਹਾਇਸੀ ਪਲਾਟ ਦੇ ਨਾਲ-ਨਾਲ 121 ਵ: ਗਜ (ਸਮੇਤ ਪਾਰਕਿੰਗ) ਪ੍ਰਤੀ ਏਕੜ ਕਮਰਸੀਅਲ ਥਾਂ ਵੀ ਦਿੱਤੀ ਜਾਣੀ ਹੈ, ਜੋ ਇੰਨਾਂ ਕੇਸਾਂ ਵਿਚ ਬਹੁਤ ਘੱਟ ਬਣਦੀ ਹੈ। ਜਿਸ ਸਾਈਜ ਦੀ ਕੋਈ ਕਮਰਸੀਅਲ ਸਾਈਟ ਸਕੀਮ ਵਿਚ ਨਹੀਂ ਕੱਟੀ ਜਾ ਸਕਦੀ। ਇਸ ਲਈ ਇਸ ਬਾਰੇ ਇੰਨਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਕਮਰਸੀਅਲ ਸਾਈਟ ਦਾ ਰੇਟ ਰਿਹਾਇਸੀ ਨਾਲੋਂ ਦੂੱਗਣਾ ਹੈ। ਇਸ ਲਈ ਇਹਨਾਂ ਦੇ ਰਿਹਾਇਸੀ ਖੇਤਰ ਵਿਚ ਕਮਰਸੀਅਲ ਰਕਬੇ ਦਾ ਦੁਗਣਾ ਹੋਰ ਦਿੱਤਾ ਜਾ ਸਕਦਾ ਹੈ ਅਤੇ ਬਾਕੀ 125 ਵ: ਗਜ ਤੋਂ ਘੱਟ ਕੇ ਰਕਬੇ ਦੀ ਕੀਮਤ ਸਕੀਮ ਰੇਟ ਉੱਤੇ ਲਈ ਜਾ ਸਕਦੀ ਹੈ। ਬਿਨੈਕਾਰ ਵਲੋਂ ਇਸ ਨੂੰ ਵੀ ਸਹਿਮਤੀ ਦਿੱਤੀ ਗਈ ਹੈ।

ਇਸ ਲਈ ਇੰਨਾਂ ਭੌ ਮਾਲਕਾਂ ਨੂੰ ਇੰਨਾਂ ਦੇ ਰਿਹਾਇਸੀ ਰਕਬੇ (49-49 ਵ: ਗਜ) ਵਿਚ ਕਮਰਸੀਅਲ ਰਕਬੇ ਦਾ ਦੁੱਗਣਾ ਰਕਬਾ ਬਣਾ ਕੇ ਬਾਕੀ ਰਕਬੇ ਦੀ ਸਕੀਮ ਰੇਟ ਉੱਤੇ ਕੀਮਤ ਲੈ ਕੇ ਦੋਨਾਂ ਨੂੰ 125-125 ਵ: ਗਜ ਦੇ ਪਲਾਟ ਦਿੱਤੇ ਜਾ ਸਕਦੇ ਹਨ।

ਅਜੰਡਾ ਅਥਾਰਟੀ ਅੱਗੇ ਵਿਚਾਰਨ ਹਿੱਤ ਪੇਸ ਹੈ ਜੀ।

ਲ/ਮੀਟਿੰਗਜ਼ ਸ਼ਾਖਾ)

ਗਮਾਡਾ 'ਅ'

ਮਿਤੀ: 25/11/2010

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 15594 - 601

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿਨੀ ਸਕੱਤਰੇਤ, ਚੰਡੀਗੜ੍ਹ।

5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਮਿਨੀ ਸਕੱਤਰੇਤ, ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

7) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

8) ਸ਼੍ਰੀ ਰਜਿੰਦਰ ਸਿੰਘ ਰਾਣਾ,
ਪ੍ਰਧਾਨ
ਮਿਊਂਸਪਲ ਕੌਂਸਲ, ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ ਅਠਵੀ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅੱਠਵੀਂ ਮੀਟਿੰਗ ਜੋ ਮਿਤੀ 16-11-2010 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 15602 ਮਿਤੀ: 25/11/2010

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ ਅੱਠਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਜੀ ਨੂੰ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸ਼ਕ (ਮੁ:ਦ:)

ਮਾਨਯੋਗ ਸ੍ਰੀ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 16-11-2010 ਨੂੰ ਸਵੇਰੇ 10-00 ਵਜੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਅੱਠਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਐਸ ਸੀ ਅਗਰਵਾਲ, ਆਈ. ਏ. ਐਸ.,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

2) ਸ੍ਰੀ ਡੀ ਐਸ ਗੁਰੂ, ਆਈ. ਏ ਐਸ.,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

3) ਸ੍ਰੀ ਕੇ ਬੀ ਐਸ ਸਿੱਧੂ, ਆਈ. ਏ ਐਸ.,
ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਸਰਕਾਰ,
ਚੰਡੀਗੜ੍ਹ ।

4) ਸ੍ਰੀ ਐਸ ਐਸ ਸੰਧੂ, ਆਈ. ਏ ਐਸ.,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

5) ਸ੍ਰੀ ਐਸ ਐਸ ਰਾਜਪੂਤ, ਆਈ. ਏ. ਐਸ.,
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ।

6) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

7) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ. ਏ ਐਸ.,
ਮੁੱਖ ਪ੍ਰਸਾਸ਼ਕ, ਗਮਾਡਾ, ਮੋਹਾਲੀ ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਵੀ ਮੀਟਿੰਗ ਵਿਚ ਸਾਮਿਲ ਹੋਏ:-

8) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ.ਏ.ਐਸ.,
ਵਧੀਕ ਮੁੱਖ ਪ੍ਰਸਾਸਕ (ਮੁੱਖ ਦਫਤਰ),
ਗਮਾਡਾ, ਮੋਹਾਲੀ ।

9) ਸ੍ਰੀ ਰਾਜੀਵ ਮੋਦਗਿਲ,
ਮੁੱਖ ਇੰਜੀਨੀਅਰ,
ਗਮਾਡਾ, ਮੋਹਾਲੀ ।

10) ਸ੍ਰੀ ਰਜਿੰਦਰ ਸਰਮਾ,
ਸਲਾਹਕਾਰ(ਟਾਊਨ ਐਂਡ ਪਲੈਨਿੰਗ),
ਗਮਾਡਾ, ਮੋਹਾਲੀ।

11) ਸ੍ਰੀ ਬਲਬੀਰ ਸਿੰਘ, ਪੀ.ਸੀ.ਐਸ,
ਮਿਲਖ ਅਫਸਰ, ਗਮਾਡਾ, ਮੋਹਾਲੀ ।

12) ਸ੍ਰੀ ਗੁਰਪ੍ਰੀਤ ਸਿੰਘ,
ਸੀਨੀਅਰ ਨਗਰ ਯੋਜਨਾਕਾਰ, ਪੰਜਾਬ

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਮੱਦ ਨੰ: 8.01</u>

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਸੱਤਵੀਂ ਮੀਟਿੰਗ ਜੋ ਮਿਤੀ 01-09-2010 ਨੂੰ ਹੋਈ ਸੀ, ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਪੱਤਰ ਨੰਬਰ ਗਮਾਡਾ-(ਤਾਲਮੇਲ-ਮੀਟਿੰਗਜ)-ਅ2-2010/11881-11887 ਮਿਤੀ 14-09-2010 ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ।

<u>ਮੱਦ ਨੰ: 8.02</u>

**ਗਮਾਡਾ ਅਥਾਰਟੀ ਦੀ ਮਿਤੀ 01-09-2010 ਨੂੰ ਹੋਈ ਸੱਤਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

ਮੱਦ ਨੰਬਰ 7.05 ਮੋਹਾਲੀ ਵਿਖੇ ਪੀਣ ਵਾਲੀ ਘਾਟ ਨੂੰ ਪੂਰਾ ਕਰਨ ਲਈ ਕਜੋਲੀ ਵਾਟਰ ਵਰਕਸ ਤੋ ਮੋਹਾਲੀ ਤੱਕ ਨਹਿਰੀ ਪਾਣੀ ਲਿਆਉਣ ਲਈ ਵਿਚਾਰ ਕਰਦੇ ਸਮੇਂ ਮਾਨਯੋਗ ਮੁੱਖ ਸਕੱਤਰ ਜੀ ਨੇ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਹੁਣ ਪੰਜਾਬ ਸਰਕਾਰ ਦਾ ਸਟੈਂਡ ਮੰਨ ਲਿਆ ਗ੍ਰਿਆ ਹੈ ਅਤੇ ਉਹਨਾਂ ਵੱਲੋ ਸੱਤਵੇਂ ਅਤੇ ਅੱਠਵੇ ਫੇਜ ਲਈ ਪਾਣੀ ਦੀਆਂ ਪਾਈਪਾਂ ਪਾਉਣ ਲਈ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਅਰੰਭੀ ਜਾ ਰਹੀ ਹੈ । ਉਪਰੋਕਤ ਦੇ ਸਨਮੁੱਖ ਫੈਸਲਾ ਕੀਤਾ ਗਿਆ ਕਿ ਗਮਾਡਾ ਵੱਲੋ ਵੀ ਭਵਿੱਖ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਧੂ ਪਾਈਪਾਂ ਪਾਉਣ ਦੀ ਲੋੜ ਬਾਰੇ ਅਸੈਸਮੈਂਟ ਕਰਵਾਈ ਜਾਵੇ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਨਾਲ-ਨਾਲ ਗਮਾਡਾ ਨੂੰ ਵੀ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਆਰੰਭ ਲੈਣੀ ਚਾਹੀਦੀ ਹੈ ।

ਮੱਦ ਨੰ:7.19 ਆਈ ਟੀ ਪਾਰਕ ਲਈ ਭੌਂ ਪ੍ਰਾਪਤ ਕਰਨ ਸਬੰਧੀ ਕਾਰਵਾਈ ਤੇ ਵਿਚਾਰ ਕਰਦੇ ਸਮੇਂ ਨੋਟ ਕੀਤਾ ਗਿਆ ਕਿ ਇਸ ਸੜਕ ਦੇ ਨਾਲ ਲਗਦੀ ਲਾਲ ਰੰਗ ਨਾਲ ਵਿਖਾਈ ਗਈ 'E' ਭੌਂ ਏਅਰਪੋਰਟ ਦੇ ਬਹੁਤ ਨੇੜੇ ਹੈ ਅਤੇ ਇਸਤੇ ਵੀ ਅਣ-ਅਧਿਕਾਰਿਤ ਉਸਾਰੀਆਂ ਆ ਸਕਦੀਆਂ ਹਨ ਜਿਹਨਾਂ ਨੂੰ ਰੋਕਣ ਵਾਸਤੇ ਇਹ ਜਰੂਰੀ ਹੈ ਕਿ ਇਸ ਭੌਂ ਨੂੰ ਵੀ ਆਈ. ਟੀ ਪਾਰਕ ਵਾਸਤੇ ਪ੍ਰਾਪਤ ਕੀਤੀ ਜਾ ਰਹੀ ਭੌਂ ਦੇ ਨਾਲ ਪ੍ਰਾਪਤ ਕਰ ਲੈਣਾ ਚਾਹੀਦਾ ਹੈ । ਇਸ ਭੌਂ ਦਾ ਮਾਸਟਰ ਪਲੈਨ ਵਿਚ ਲੈਂਡ ਯੂਜ "ਐਕਸਪੋਅ" ਵਿਖਾਇਆ ਗਿਆ ਹੈ ਜਿਸ ਅਨੁਸਾਰ ਇਹ ਭੌਂ ਹੋਟਲ ਐਂਡ ਕਨਵੈਂਸ਼ਨਲ ਹਾਲ, ਐਕਜੀਬੀਸ਼ਨ ਐਂਡ ਐਕਸਪੋਜੀਸ਼ਨ ਹਾਲ,ਐਵੀਏਸ਼ਨ ਅਕੈਡਮੀ, ਲੋਜੈਸਟਿਕ ਯੂਸਿਜ, ਆਫਿਸ ਰਿਲੇਟਿੰਗ ਟੂ ਏਅਰਕਰਾਫਟ ਕੰਪਨੀ, ਫਰੇਟ ਫਾਰਵਰਡਜ ਇਨਸੋਰੈਂਸ ਕੰਪਨੀ ਇਤਿਆਦਿ ਅਤੇ ਏਅਰ ਕਰਾਫਟ ਕੈਟਰਿੰਗ ਕੰਪਨੀ ਅਤੇ ਕਿਚਨ ਮੰਤਵ ਲਈ ਵਰਤੋ ਵਿੱਚ ਲਿਆਂਦੀ ਜਾ ਸਕਦੀ ਹੈ ਜੋਕਿ ਸਮੇਂ ਦੀ ਲੋੜ ਵੀ ਹੈ । ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਨਕਸੇ ਵੀ ਦਿਖਾਈ ਆਈ ਟੀ ਪਾਰਕ ਨਾਲ ਲਗਦੀ ਲਾਲ ਰੰਗ ਵਿਚ ਵਿਖਾਈ ਗਈ 'E' ਭੌਂ ਨੂੰ ਵੀ ਪ੍ਰਾਪਤ ਕਰਨ ਲਈ ਕਾਰਵਾਈ ਅਰੰਭੀ ਜਾਵੇ ।

<u>ਮੱਦ ਨੰ: 8.03</u>

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਜੋ ਮਿਤੀ:10.9.2010 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਬਾਰੇ।**

ਅਥਾਂਰਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ ।

ਮੱਦ ਨੰ: 8.04
ਮੁਲਾਂਪੁਰ ਅਰਬਨ ਅਸਟੇਟ ਦੀਆਂ ਅਰਜੀਆਂ ਨੂੰ ਇੰਟਰਨੈੱਟ ਰਾਹੀਂ ਆਨ-ਲਾਈਨ ਪ੍ਰਾਪਤ ਕਰਨ
ਸਬੰਧੀ ।
ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਮੁੱਲਾਂਪੁਰ ਵਿਖੇ ਅਰਬਨ ਐਸਟੇਟ ਵਿਖੇ ਪਲਾਟਾਂ ਦੀ ਅਲਾਟਮੈਂਟ ਲਈ
ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਮੁੱਲਾਂਪੁਰ ਵਿਖੇ ਅਰਬਨ ਐਸਟੇਟ ਵਿਖੇ ਪਲਾਟਾਂ ਦੀ ਅਲਾਟਮੈਂਟ ਲਈ
ਅਰਜੀਆਂ ਆਨ ਲਾਇਨ ਮੰਗਣ ਦੀ ਤਜਵੀਜ ਅਤੇ ਇਸ ਕੰਮ ਨੂੰ ਈ.ਕੁਨੈਕਟ ਸਲੂਸ਼ਨਜ ਪ੍ਰਾਈਵੇਟ
ਲਿਮ: ਤੋਂ ਮਿਤੀ 2.11.2010 ਨੂੰ ਦਿੱਤੇ ਗਏ ਰੇਟਾਂ ਤੇ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 8.05
ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਵਿਚ
ਮੁਫਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਬਾਰੇ ।

ਇਸ ਮੱਦ ਤੇ ਵਿਚਾਰ ਕਰਨ ਲੱਗਿਆ ਅਥਾਰਟੀ ਨੇ ਨੋਟ ਕੀਤਾ ਕਿ ਐਡਵੋਕੇਟ ਜਨਰਲ ਵੱਲੋਂ ਦਿੱਤੀ
ਗਈ ਕਾਨੂੰਨੀ ਰਾਇ ਅਨੁਸਾਰ ਜਿਨ੍ਹਾਂ ਪ੍ਰਾਈਵੇਟ ਸੁਪਰ-ਸਪੈਸਲਿਟੀ ਹਸਪਤਾਲਾਂ ਦੇ ਅਲਾਟਮੈਂਟ ਪੱਤਰ
ਵਿੱਚ ਬੀ.ਪੀ.ਐਲ ਪਰਿਵਾਰਾਂ ਨੂੰ ਮੁਫਤ ਇਲਾਜ ਦੇਣ ਦੀ ਸਰਤ ਨਹੀ ਲਗਾਈ ਗਈ ਹੈ, ਉਹਨਾਂ ਨੂੰ
ਇਹ ਸੁਵਿਧਾ ਦੇਣ ਲਈ ਪਾਬੰਦ ਨਹੀ ਕੀਤਾ ਜਾ ਸਕਦਾ । ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ
ਹੋਇਆ ਫੈਸਲਾ ਕੀਤਾ ਗਿਆ ਕਿ ਜਿਹਨਾਂ ਦੇ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਬੀ ਪੀ ਐਲ
ਪਰਿਵਾਰਾਂ ਨੂੰ ਮੁਫਤ ਇਲਾਜ ਦੀ ਸਹੂਲਤ ਦੇਣ ਦੀ ਸਰਤ ਲਗਾਈ ਗਈ ਹੈ, ਉਸਦੀ ਇੰਨ-ਬਿੰਨ
ਪਾਲਣਾ ਕਰਵਾਈ ਜਾਵੇ । ਜਿਹਨਾਂ ਹਸਪਤਾਲਾਂ ਦੇ ਅਲਾਟਮੈਂਟ ਪੱਤਰਾਂ ਵਿਚ ਇਹ ਸਰਤ ਨਹੀਂ ਹੈ ਅਤੇ
ਬਾਅਦ ਵਿਚ ਸਰਤ ਲਗਾਉਣ ਲਈ ਲਿਖਿਆ ਗਿਆ ਹੈ, ਐਡਵੋਕੇਟ ਜਰਨਲ ਦੀ ਰਾਏ ਨੂੰ ਧਿਆਨ
ਵਿੱਚ ਰੱਖਦਿਆਂ ਹੋਇਆ ਉਹ ਪੱਤਰ ਵਾਪਿਸ ਲੈ ਲਏ ਜਾਣ ।

ਇਹ ਮਹਿਸੂਸ ਕੀਤਾ ਗਿਆ ਕਿ ਗਰੀਬ ਲੋਕਾਂ ਨੂੰ ਮੁਫਤ ਇਲਾਜ ਦੇਣ ਦੇ ਮੰਤਵ ਲਈ
ਸਰਕਾਰ ਦੇ ਪੱਧਰ ਤੇ ਕੋਈ ਵੱਖਰਾ ਕਾਰਪਸ ਫੰਡ ਰੱਖਿਆ ਜਾਵੇ ਜਿਸ ਵਿਚ ਸਾਰੀਆਂ ਅਰਬਨ
ਡਿਵੈਲਪਮੈਂਟ ਅਥਾਰਟੀਆਂ ਅਤੇ ਇੰਪਰੂਪਮੈਂਟ ਟਰਸਟਾਂ ਹਸਤਪਤਾਲਾਂ ਲਈ ਵੇਚੀਆਂ ਜਾਣ ਵਾਲੀਆਂ
ਸਾਈਟਾਂ ਵਿਚ ਕੁਝ ਰਕਮ (ਲਗਭਗ 20%) ਦੇ ਸਕਦੀਆਂ ਹਨ । ਇਸ ਸਬੰਧੀ ਫੈਸਲਾ ਸਰਕਾਰ ਦੇ ਪੱਧਰ
ਤੇ ਲਿਆ ਜਾਣਾ ਹੈ, ਇਸ ਲਈ ਇਹ ਮਾਮਲਾ ਸਰਕਾਰ ਨੂੰ ਰੈਫਰ ਕਰ ਦਿੱਤਾ ਜਾਵੇ । ਇਸ ਸਬੰਧੀ
ਸਰਕਾਰ ਵੱਲੋਂ ਜੋ ਵੀ ਪਾਲਿਸੀ ਬਣਾਈ ਜਾਵੇਗੀ, ਉਸ ਅਨੁਸਾਰ ਗਮਾਡਾ ਵੱਲੋਂ ਕਾਰਵਾਈ ਕਰ ਲਈ
ਜਾਵੇਗੀ ।

ਮੱਦ ਨੰ: 8.06
ਸਹਿਰੀ ਮਿਲਖ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪੈਟਰੋਲ ਪੰਪ ਸਾਈਟਾਂ ਦੀ ਡਿਸਪੋਜਲ
ਕਰਨ ਸਬੰਧੀ ਪਾਲਿਸੀ ਵਿਚ ਸੋਧ ਕਰਨ ਬਾਰੇ ।

ਇਸ ਮੱਦ ਤੇ ਵਿਚਾਰ ਵਟਾਂਦਰੇ ਦੌਰਾਨ ਅਥਾਰਟੀ ਨੇ ਮਹਿਸੂਸ ਕੀਤਾ ਕਿ ਪੈਟਰੋਲ ਪੰਪ ਚਲਾਉਣ ਲਈ
ਸਬੰਧਤ ਵਿਭਾਗਾਂ ਤੋ ਪ੍ਰਵਾਨਗੀਆਂ ਲੈਣੀਆਂ ਹੁੰਦੀਆਂ ਹਨ ਜਿਸ ਲਈ ਸਮਾਂ ਲੱਗ ਸਕਦਾ ਹੈ । ਇਸ
ਕਰਕੇ ਲੀਜ ਪ੍ਰਾਪਤ ਕਰਨ ਦਾ ਸਮਾਂ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਸੁਰੂ ਹੋਣਾ
ਚਾਹੀਦਾ ਹੈ । ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਪੈਟਰੋਲ
ਪੰਪ ਦੀਆਂ ਸਾਈਟਾਂ ਦੇ ਅਲਾਟੀਆਂ ਨੂੰ ਲੋੜੀਦੀਆਂ ਪ੍ਰਵਾਨਗੀਆਂ ਲੈਣ ਲਈ 6 ਮਹੀਨੇ ਦਾ ਸਮਾਂ ਦੇ
ਦਿੱਤਾ ਜਾਵੇ ਪਰ ਬਣਦੀ ਜਮਾਨਤੀ ਰਕਮ ਐਲ.ਓ.ਆਈ. ਜਾਰੀ ਹੋਣ ਦੀ ਮਿਤੀ ਤੋ 30 ਦਿਨਾਂ ਦੇ
ਅੰਦਰ ਅੰਦਰ ਜਮ੍ਹਾਂ ਕਰਵਾਉਣ ਯੋਗ ਹੋਵੇਗੀ । ਐਲ.ਓ.ਆਈ. ਜਾਰੀ ਕਰਨ ਲੱਗਿਆ ਅਲਾਟੀ ਨੂੰ
ਸਾਈਟ ਦਾ ਜੋਨਿੰਗ ਪਲਾਨ ਆਦਿ ਵੀ ਜਾਰੀ ਕਰ ਦਿੱਤਾ ਜਾਵੇ ਤਾਂ ਜੋ ਉਹ ਸਬੰਧਤ ਵਿਭਾਗਾਂ ਤੋ
ਲੋੜੀਦੀ ਪ੍ਰਵਾਨਗੀ ਪ੍ਰਾਪਤ ਕਰ ਸਕੇ । ਜਦੋ ਅਲਾਟੀ ਸਬੰਧਤ ਵਿਭਾਗਾਂ ਤੋ ਲੋੜੀਦੀਆਂ ਪ੍ਰਵਾਨਗੀਆਂ
ਪ੍ਰਾਪਤ ਕਰ ਲਵੇਗਾ ਤਾਂ ਗਮਾਡਾ ਵੱਲੋਂ ਅਲਾਟਮੈਂਟ ਪੱਤਰ ਜਾਰੀ ਕਰ ਦਿੱਤਾ ਜਾਵੇ ਅਤੇ ਨਾਲ ਹੀ ਭੌਂ
ਦਾ ਕਬਜਾ ਸੌਂਪ ਦਿੱਤਾ ਜਾਵੇ । ਭੌਂ ਦੀ ਲੀਜ ਅਲਾਟਮੈਂਟ ਪੱਤਰ ਦੀ ਜਾਰੀ ਕਰਨ ਦੀ ਮਿਤੀ ਤੋ ਸੁਰੂ
ਹੋਵੇਗੀ ।

ਇਹ ਫੈਸਲਾ ਸ੍ਰੀਮਤੀ ਬ੍ਰਿਜ ਮਹਿੰਦਰਾ ਨੂੰ ਪੈਟਰੋਲ ਪੰਪ ਲਈ ਅਲਾਟ ਕੀਤੀ ਗਈ ਭੌਂ ਜਿਸਦਾ
ਇਸ ਮੱਦ ਵਿਚ ਹਵਾਲਾ ਦਿੱਤਾ ਗਿਆ ਹੈ ਤੇ ਵੀ ਲਾਗੂ ਹੋਵੇਗਾ ।

ਮੱਦ ਨੰ: 8.07

**Execution of External Development works by M/s Shipra Estates Limited the promoters of Industrial Park Mega Projects at Village Nagla Tehsil Derabassi, SAS Nagar against EDC Charges.**

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌਂ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮਾ ਕਰਵਾਈ ਈ.ਡੀ. ਸੀ ਵਿਚੋ ਕੀਤੀ ਜਾਵੇਗੀ। ਜੇਕਰ ਜਮਾ ਕਰਵਾਈ ਈ.ਡੀ.ਸੀ. ਤੋ ਵੱਧ ਰਕਮ ਦੀ ਲੋੜ ਹੈ ਤਾਂ ਇਹ ਵੱਧੀ ਹੋਈ ਰਕਮ ਪਰਮੋਟਰ ਵੱਲੋ ਜਮਾ ਕਰਵਾਈ ਜਾਵੇਗੀ ਜਿਸ ਦਾ ਕ੍ਰੈਡਿਟ ਉਸ ਨੂੰ ਭਵਿਖ ਦੀ ਈ.ਡੀ.ਸੀ. ਵਿਚੋ ਦਿੱਤਾ ਜਾਵੇ ਗਾ। ਇਹ ਸੁਵਿਧਾ ਸਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿਤੀ ਜਾਵੇ ਗੀ।

ਮੱਦ ਨੰ: 8.08

ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਮੋਹਾਲੀ ਨੂੰ ਗਮਾਡਾ ਵਲੋਂ ਦਿੱਤੀ ਗਈ 10.00 ਕਰੋੜ ਰੁਪਏ ਦੀ ਗਰਾਂਟ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।

ਪ੍ਰਵਾਨ ਹੈ ।

ਮੱਦ ਨੰ: 8.09

ਸਹਿਰੀ ਮਿਲਖਾਂ ਵਿਚ ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਭੌਂ ਅਲਾਟ ਕਰਨ ਬਾਰੇ ।

ਹਾਊਸਫੈੱਡ ਪੰਜਾਬ ਨੂੰ ਮਲਟੀ ਸਟੋਰੀ ਫਲੈਟਾਂ ਦੀ ਉਸਾਰੀ ਲਈ ਕੋਅਪਰੇਟਿਵ ਸੋਸਾਇਟੀਆਂ ਲਈ ਭੌਂ ਅਲਾਟ ਕਰਨ ਦੀ ਪਾਲਿਸੀ ਤੋ ਹੱਟ ਕੇ ਭੌਂ ਰਿਜਰਵ ਕੀਮਤ ਤੇ ਕੇਸ ਟੂ ਕੇਸ ਬੇਸਿਸ ਤੇ ਚੇਅਰਮੈਨ ਗਮਾਡਾ ਜੀ ਦੀ ਪ੍ਰਵਾਨਗੀ ਨਾਲ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

ਮੱਦ ਨੰ: 8.10

**Execution of External Development Works by M/s Omaxe Chandigarh Extension Developers Pvt.Ltd. formerly M/s Golden Peak Township Pvt.Ltd. the promoters of Mega Project at Village Kansala, Parol, Kartarpur, Rani Majra, Takipur, Boothgarh, Dhode Majra, Rasoolpur and Bhagar Majra and Mullanpur against EDC.**

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਇਸ ਸਰਤ ਤੇ ਪ੍ਰਵਾਨ ਕੀਤੀ ਗਈ ਕਿ ਸੜਕ ਦੀ ਉਸਾਰੀ ਲਈ ਭੌਂ ਪ੍ਰਾਪਤ ਕਰਨ ਲਈ ਆਏ ਖਰਚੇ ਦੀ ਪੂਰਤੀ ਪ੍ਰੋਮੋਟਰ ਵੱਲੋ ਜਮਾ ਕਰਵਾਈ ਈ.ਡੀ. ਸੀ ਵਿਚੋ ਕੀਤੀ ਜਾਵੇਗੀ। ਜੇਕਰ ਜਮਾ ਕਰਵਾਈ ਈ.ਡੀ.ਸੀ. ਤੋ ਵੱਧ ਰਕਮ ਦੀ ਲੋੜ ਹੈ ਤਾਂ ਇਹ ਵੱਧੀ ਹੋਈ ਰਕਮ ਪਰਮੋਟਰ ਵੱਲੋ ਜਮਾ ਕਰਵਾਈ ਜਾਵੇਗੀ ਜਿਸ ਦਾ ਕ੍ਰੈਡਿਟ ਉਸ ਨੂੰ ਭਵਿਖ ਦੀ ਈ.ਡੀ.ਸੀ. ਵਿਚੋ ਦਿੱਤਾ ਜਾਵੇ ਗਾ। ਇਹ ਸੁਵਿਧਾ ਸਿਰਫ ਇਕੋ ਵਾਰ ਮਾਸਟਰ ਪਲਾਨ ਰੋਡ ਲਈ ਹੀ ਦਿਤੀ ਜਾਵੇ ਗੀ।

ਮੱਦ ਨੰ: 8.11

ਮੋਹਾਲੀ ਦੇ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰ: 8.12

ਮੋਹਾਲੀ ਮਾਸਟਰ ਪਲੈਨ ਦੀਆਂ ਗਰਿੱਡ ਰੋਡਜ ਤੋਂ ਬਰਸਾਤੀ ਪਾਣੀ ਦੇ ਨਿਕਾਸ ਲਈ ਬਣਾਈ ਜਾਣ ਵਾਲੀ ਸਕੀਮ ਨੂੰ ਚਾਲੂ ਕਰਨ ਲਈ ਲੋੜੀਂਦੀ ਭੌਂ ਅਕਵਾਇਰ ਕਰਨ ਸਬੰਧੀ ।

ਪ੍ਰਵਾਨ ਕੀਤਾ ਗਿਆ ।

ਮੱਦ ਨੰ: 8.13
ਸ਼ਹਿਰੀ ਮਿਲਖ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਚ ਪੈਂਦੇ ਪਿੰਡ ਮਦਨਪੁਰਾ ਨੂੰ ਬੁਨਿਆਦੀ ਸਹੂਲਤਾਂ ਦੇਣ ਸਬੰਧੀ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਲੜੀ ਨੰ: 1,3, 4, 5 ਅਤੇ 6 ਤੇ ਦਿੱਤੀਆਂ ਤਜਵੀਜਾਂ ਪ੍ਰਵਾਨ ਕੀਤੀਆਂ ਗਈਆਂ। ਲੜੀ ਨੰ: 2 ਸਬੰਧੀ ਫੈਸਲਾ ਕੀਤਾ ਗਿਆ ਕਿ ਮਦਨਪੁਰਾ ਪਿੰਡ ਦੇ ਵਿਕਾਸ ਤੇ ਆਉਣ ਵਾਲਾ ਖਰਚਾ ਗਮਾਡਾ ਵਲੋਂ ਕੀਤਾ ਜਾਵੇਗਾ।

ਮੱਦ ਨੰ: 8.14
ਮੁੱਲਾਂਪੁਰ ਸ਼ਹਿਰੀ ਮਿਲਖ ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰ: 8.15
13 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਲੈਟਰ ਆਫ ਇੰਟੈਂਟ ਦੀਆਂ ਸ਼ਰਤਾਂ ਅਨੁਸਾਰ ਭੌਂ ਦੀ ਅਲਾਟਮੈਂਟ ਕਰਨ ਬਾਰੇ।
ਸਾਲ 2003 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਭੌਂ ਅਲਾਟ ਕਰਨ ਲਈ ਬਿਨੈ ਪੱਤਰ ਮੰਗੇ ਗਏ ਸਨ ਅਤੇ 13 ਸੋਸਾਇਟੀਆਂ ਨੂੰ ਭੌਂ ਦੀ ਅਲਾਟਮੈਂਟ ਕੀਤੀ ਗਈ ਸੀ ਪਰ ਸਾਲ 2006 ਵਿੱਚ ਕੋਆਪਰੇਟਿਵ ਸੋਸਾਇਟੀਆਂ ਨੂੰ ਨਵੀਂ ਉਲੀਕੀ ਗਈ ਪਾਲਿਸੀ ਅਨੁਸਾਰ ਬੋਲੀ ਰਾਹੀ ਭੌਂ ਦੀ ਅਲਾਟਮੈਂਟ ਕੀਤੀ ਜਾਣੀ ਬਣਦੀ ਸੀ । ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹਨਾਂ ਸੋਸਾਇਟੀਆਂ ਨੂੰ ਭੌਂ ਨਾ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਇਹਨਾਂ ਸੋਸਾਇਟੀਆਂ ਵੱਲੋ ਜਮ੍ਹਾ ਕਰਵਾਈ ਗਈ ਬਿਆਨਾ ਰਕਮ ਵੀ ਵਾਪਿਸ ਕਰ ਦਿੱਤੀ ਗਈ ਸੀ । ਇਹਨਾਂ ਸੋਸਾਇਟੀਆਂ ਵੱਲੋ ਨਰਮੀ ਦਾ ਵਤੀਰਾ ਵਰਤਦੇ ਹੋਏ ਭੌਂ ਅਲਾਟ ਕਰਨ ਲਈ ਬਿਨੈਪੱਤਰ ਦਿੱਤੇ ਗਏ ਸਨ ਜਿਹਨਾਂ ਨੂੰ sympatheticaly ਵਿਚਾਰਦੇ ਹੋਏ ਇਹਨਾਂ ਸੋਸਾਇਟੀਆਂ ਨੂੰ ਪਾਲਿਸੀ ਤੋ ਹਟ ਕੇ ਭੌਂ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਸੀ । ਐਲ.ਓ.ਆਈ ਜਾਰੀ ਕਰਨ ਲੱਗਿਆਂ ਸ਼ਰਤ ਲਗਾਈ ਗਈ ਸੀ ਕਿ ਸੋਸਾਇਟੀ ਕੇਵਲ ਉਹਨਾਂ ਮੈਂਬਰਾਂ ਨੂੰ ਹੀ ਫਲੈਟ ਅਲਾਟ ਕਰੇਗੀ ਜਿਹਨਾਂ ਦੀ ਸੂਚੀ ਦਫਤਰ ਨੂੰ ਪਹਿਲਾਂ ਦਿੱਤੀ ਗਈ ਸੀ । ਅਥਾਰਟੀ ਨੇ ਮਹਿਸੂਸ ਕੀਤਾ ਕਿ ਸੋਸਾਇਟੀਆਂ ਵੱਲੋ ਮੈਂਬਰਾਂ ਦੀ ਬਦਲੀ ਕਰਦੇ ਹੋਏ ਨਵੇਂ ਮੈਂਬਰ ਰੱਖ ਲਏ ਗਏ ਹਨ । ਜੇਕਰ ਸੋਸਾਇਟੀਆਂ ਵੱਲੋ original ਮੈਂਬਰਾਂ ਦੀ ਥਾਂ ਤੇ ਦੂਸਰੇ ਮੈਂਬਰ ਬਦਲੀ ਕੀਤੇ ਜਾਂਦੇ ਹਨ ਤਾਂ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਦੇਣਾ ਉਚਿਤ ਨਹੀ ਹੋਵੇਗਾ । ਨਵੇਂ ਮੈਂਬਰ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਭੌਂ ਅਲਾਟ ਕਰਨ ਲਈ ਨਵੀਂ ਪਾਲਿਸੀ ਅਧੀਨ ਹੀ ਭੌਂ ਦੀ ਅਲਾਟਮੈਂਟ ਕਰਵਾ ਸਕਦੇ ਹਨ ਅਤੇ ਉਹਨਾਂ ਨੂੰ ਪੁਰਾਣੀ ਪਾਲਿਸੀ ਅਧੀਨ ਲਾਭ ਨਹੀ ਦਿੱਤਾ ਜਾ ਸਕਦਾ। ਜੇਕਰ ਬਦਲੀ ਕੀਤੇ ਗਏ ਮੈਂਬਰਾਂ ਨੂੰ ਇਹ ਲਾਭ ਦਿੱਤਾ ਜਾਂਦਾ ਹੈ ਤਾਂ ਇਹ ਦੂਸਰੀਆਂ ਸੋਸਾਇਟੀਆਂ ਅਤੇ ਆਮ ਲੋਕਾਂ ਨਾਲ ਵਿਤੱਕਰਾ ਹੋਵੇਗਾ ।

ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਫੈਸਲਾ ਕੀਤਾ ਗਿਆ ਕਿ ਸੋਸਾਇਟੀ ਵੱਲੋ ਸਾਲ 2003 ਵਿਚ ਅਰਜੀ ਦੇਣ ਸਮੇਂ ਦੱਸੇ ਗਏ ਅਸਲ ਮੈਂਬਰਾਂ ਨੂੰ ਹੀ ਅਲਾਟਮੈਂਟ ਲਈ ਵਿਚਾਰਿਆ ਜਾਵੇ । ਉਪਰੋਕਤ ਤੋਂ ਇਲਾਵਾ ਹੇਠ ਲਿਖੇ ਕਾਰਨਾਂ ਕਰਕੇ ਮੈਂਬਰ ਦੇ ਨਾਂ ਵਿਚ ਕੀਤੀ ਤਬਦੀਲੀ ਨੂੰ ਵੀ ਪ੍ਰਵਾਨ ਕਰ ਲਿਆ ਜਾਵੇ :-

(i) ਜਿਹਨਾਂ ਕੇਸਾਂ ਵਿਚ ਕਿਸੇ ਅਸਲ ਮੈਂਬਰ ਦੀ ਮੌਤ ਹੋਣ ਤੇ inheritance ਦੁਆਰਾ ਮੈਂਬਰਸਿਪ ਦੀ ਬਦਲੀ ਕੀਤੀ ਗਈ ਹੋਵੇ ।

(ii) ਜੇਕਰ ਕਿਸੇ ਮੈਂਬਰ ਵੱਲੋਂ ਆਪਣੇ ਪਰਿਵਾਰ ਦੇ ਵਿੱਚ ਮੈਂਬਰਸਿਪ ਦੀ ਤਬਦੀਲੀ ਕੀਤੀ ਗਈ ਹੋਵੇ । ਪਰਿਵਾਰ ਦੀ ਪਰਿਭਾਸਾ ਵਿਚ ਪਤੀ,ਪਤਨੀ, ਪੁੱਤਰ ਅਤੇ ਪੁੱਤਰੀ ਹੋਣਗੇ । ਜਿਸਦੇ ਨਾਂ ਤੇ ਮੈਂਬਰਸਿਪ ਦੀ ਤਬਦੀਲੀ ਕੀਤੀ ਹੈ, ਉਹ ਅਲਾਟਮੈਂਟ ਦੀਆਂ ਲੋੜੀਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ।

ਮੱਦ ਨੰਬਰ 8.16
ਐਸ.ਏ.ਐਸ.ਨਗਰ ਮੋਹਾਲੀ ਵਿਖੇ ਬਿਰਧ ਆਸਰਮ ਬਣਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰਬਰ 8.17

ਕੁਰਾਲੀ ਵਿਖੇ ਬਕਾਇਆ ਰਹਿੰਦੇ ਰਕਬੇ ਵਿਚ ਵਾਟਰ ਸਪਲਾਈ ਸਿਸਟਮ ਲਗਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰਬਰ 8.18

ਮਿਉਂਨਸਿਪਲ ਕੌਂਸਲ ਐਸ.ਏ.ਐਸ.ਨਗਰ ਨੂੰ ਫੇਜ-7 ਵਿਖੇ ਪੁਰਾਣੀ ਸੀਵਰੇਜ ਪਾਈਪ ਬਦਲਣ ਲਈ ਫੰਡਜ ਉਪਲਬੱਧ ਕਰਵਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰਬਰ 8.19

ਪਿੰਡ ਕੰਬਾਲੀ ਵਿਖੇ ਟਿਊਬਵੈੱਲ ਲਗਾਉਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ ।

ਮੱਦ ਨੰਬਰ 8.20

ਗਮਾਡਾ ਵਲੋਂ ਸੈਕਟਰ-68 ਵਿਖੇ ਉਸਾਰੇ ਗਏ ਰੀਡਿੰਗ ਰੂਮ ਨੂੰ ਮੋਹਾਲੀ ਸੀਨੀਅਰ ਸਿਟੀਜਨ ਐਸੋਸੀਏਸਨ(ਰਜਿ:) ਨੂੰ ਹੈਂਡ ਓਵਰ ਕਰਨ ਸਬੰਧੀ ।

ਵਿਚਾਰ-ਵਟਾਂਦਰੇ ਉਪਰੰਤ ਮੋਹਾਲੀ ਸੀਨੀਅਰ ਸਿਟੀਜ਼ਨ ਐਸੋਸੀਏਸਨ ਰਜਿਸਟਰਡ ਨੂੰ ਸਿਟੀ ਪਾਰਕ, ਸੈਕਟਰ 68 ਵਿਖੇ ਉਸਾਰੇ ਗਏ ਰੀਡਿੰਗ ਰੂਮ ਦੀ ਦੇਖਭਾਲ ਕਰਨ ਲਈ ਉਹਨਾਂ ਨੂੰ ਅਜੰਡੇ ਵਿਚ ਦਰਸਾਈਆਂ ਸਰਤਾਂ (i), (ii) ਅਤੇ (iv) ਤੇ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਮੱਦ ਦੇ ਲੜੀ ਨੰਬਰ (iii) ਸਬੰਧੀ ਬਿਲਡਿੰਗ ਦੀ periodic ਰਿਪੇਅਰ ਪੀ.ਡਬਲਿਯੂ.ਡੀ ਨਾਰਮਜ ਅਨੁਸਾਰ ਗਮਾਡਾ ਵੱਲੋ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ । ਬਿਜਲੀ ਅਤੇ ਪਾਣੀ ਦੇ ਬਿਲ੍ਹਾਂ ਦੀ ਅਦਾਇਗੀ, ਲਾਨਜ ਦੀ ਮੇਨਟੇਨੈਂਸ, ਅਖਬਾਰਾ, ਮੈਗਜੀਨ ਅਤੇ ਕਿਤਾਬਾਂ ਦੀ ਖਰੀਦ ਤੇ ਆਉਣ ਵਾਲੇ ਖਰਚੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਮਹੀਨਾਵਾਰ ਫਿਕਸ ਗਰਾਂਟ ਦੇਣ ਲਈ ਰਕਮ ਦਾ ਫੈਸਲਾ ਕਰਨ ਦੇ ਅਧਿਕਾਰ ਮੁੱਖ ਪ੍ਰਸਾਸਕ, ਗਮਾਡਾ ਨੂੰ ਦਿੱਤੇ ਗਏ ।

ਮੱਦ ਨੰਬਰ 8.21

ਐਰੋ ਸਿਟੀ ਲਈ ਪ੍ਰਾਪਤ ਕੀਤੀ ਗਈ ਭੌਂ ਵਿਚ ਭੌਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਬਾਰੇ ।

ਵਿਚਾਰ ਵਟਾਂਦਰੇ ਉਪਰੰਤ ਏਜੰਡੇ ਵਿੱਚ ਪੈਰਾ-1 ਤੋ 5 ਤੱਕ ਦਿੱਤੀਆਂ ਆਪਸਨਾਂ ਪ੍ਰਵਾਨ ਕੀਤੀਆਂ ਗਈਆਂ । ਏਜੰਡੇ ਦੇ ਪੈਰ੍ਹਾ-6 ਸਬੰਧੀ ਫੈਸਲਾ ਕੀਤਾ ਗਿਆ ਕਿ ਇਹਨਾਂ ਦੋ ਕੇਸਾਂ ਦੇ ਭੌਂ ਮਾਲਕਾਂ ਨੂੰ ਮਿਲਖ ਅਫਸਰ, ਗਮਾਡਾ ਮੁਹਾਲੀ ਲੋੜੀਦੀ ਪਾਲਿਸੀ ਸਬੰਧੀ ਦਫਤਰ ਵਿਚ ਬੁਲਾ ਕੇ ਜਾਣਕਾਰੀ ਦਿੰਦੇ ਹੋਏ ਉਹਨਾਂ ਵੱਲੋਂ ੳ, ਅ, ੲ ਅਤੇ ਸ ਵਿਚੋ ਆਪਸਨ ਲੈ ਲਈ ਜਾਵੇ ਅਤੇ ਸਹਿਮਤੀ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇ ।

ਮੱਦ ਨੰਬਰ 8.22

200 ਫੁੱਟ ਚੌੜੀ ਸੜਕ ਦੇ ਦੋਵੇਂ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ ਸੈਕਟਰ-66-66ਏ ਤੋਂ ਛੱਤ ਐਨ.ਐਚ.-64 ਤੱਕ 771.34 ਏਕੜ ਭੌਂ ਪ੍ਰਾਪਤੀ ਸਬੰਧੀ ਪਿੰਡ ਨਰੈਣਗੜ੍ਹ ਝੂੰਗੀਆਂ ਦੀ ਆਬਾਦੀ ਦੇ ਨਾਲ ਲੱਗਦੇ ਮਕਾਨਾਂ ਜੋ ਕਿ ਮੌਜਾ ਪਿੰਡ ਛੱਤ ਵਿਚ ਪੈਂਦੇ ਹਨ, ਨੂੰ ਭੌਂ ਪ੍ਰਾਪਤੀ ਤੋਂ ਛੋਟ ਦੇਣ ਬਾਰੇ ।

ਪ੍ਰਵਾਨ ਹੈ ।

ਮੱਦ ਨੰਬਰ 8.23

ਸਹਿਰੀ ਮਿਲਖ ਮੋਹਾਲੀ ਸੈਕਟਰ-66-66ਏ ਤੋਂ ਐਨ.ਐਚ.64 ਤੱਕ ਐਰੋਸਿਟੀ ਲਈ ਪ੍ਰਾਪਤ ਕੀਤੀ ਭੌਂ ਵਿਚ ਕਟ ਆਫ ਡੇਟ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਨੂੰ ਲੈਂਡ ਪੂਲਿੰਗ ਸਕੀਮ ਲਈ ਵਿਚਾਰਣ ਸਬੰਧੀ ।

ਅਥਾਰਟੀ ਨੇ ਮਹਿਸੂਸ ਕੀਤਾ ਕਿ ਰਾਜ ਵਿਚ ਲੈਂਡ ਪੂਲਿੰਗ ਸਕੀਮ ਇਸ ਪੈਮਾਨੇ ਤੇ ਪਹਿਲੀ ਵਾਰ ਲਾਗੂ ਕੀਤੀ ਗਈ ਹੈ ਜਿਸ ਕਰਕੇ ਭੌ ਮਾਲਕਾਂ ਨੂੰ ਇਸ ਸਕੀਮ ਦੇ ਪੂਰੇ ਤੱਥਾਂ ਬਾਰੇ ਜਾਣਕਾਰੀ ਨਹੀ ਸੀ ਜਿਸ ਕਰਕੇ ਉਹ ਮਿੱਥੇ ਸਮੇਂ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਆਪਣੀ ਆਪਸਨ ਨਹੀ ਦੇ ਸਕੇ। ਜੇਕਰ ਭੌ ਮਾਲਕਾਂ ਦੀ ਮੰਗ ਅਨੁਸਾਰ ਜਿਹਨਾਂ ਭੌ ਮਾਲਕਾਂ ਨੇ ਮੁਆਵਜਾ ਨਹੀ ਚੁੱਕਿਆ ਨੂੰ ਲੈਂਡ ਪੂਲਿੰਗ ਸਕੀਮ ਲਈ ਮਿੱਥੀ ਮਿਤੀ ਤੋ ਬਾਅਦ ਦਿੱਤੀ ਗਈ ਆਪਸਨ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਇਸ ਨਾਲ ਲੋਕਾਂ ਵਿਚ ਸਰਕਾਰ ਅਤੇ ਗਮਾਡਾ ਦਾ ਚੰਗਾਂ ਅਸਰ ਪਵੇਗਾ ਅਤੇ ਭੱਵਿਖ ਵਿੱਚ ਇਸ ਸਕੀਮ ਅਧੀਨ ਪ੍ਰਾਪਤ ਕੀਤੀ ਜਾਣ ਵਾਲੀ ਭੌ ਨੂੰ ਚੰਗਾ ਹੁੰਗਾਰਾਂ ਮਿਲੇਗਾ । ਇਸਦੇ ਨਾਲ ਹੀ ਭੌ ਮਾਲਕਾਂ ਦੇ ਹਿੱਤਾਂ ਦਾ ਨੁਕਸਾਨ ਨਹੀ ਹੋਵੇਗਾ । ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਅਨੁਲੱਗ ਅ ਵਿਚ ਦਰਸਾਏ ਭੌ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਅਧੀਨ ਲਾਭ ਲੈਣ ਲਈ ਆਗਿਆ ਦੇ ਦਿੱਤੀ ਜਾਵੇ । ਪਰ ਇਹ ਫੈਸਲਾ ਭੱਵਿਖ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਭੌ ਪ੍ਰਾਪਤ ਕਰਨ ਲਈ ਉਦਾਹਰਣ ਨਹੀ ਬਣੇਗਾ । ਅਥਾਰਟੀ ਨੇ ਮੱਦ ਤੇ ਪੈਰਾ 12 ਵਿਚ ਦਰਸਾਈ ਮੈਸਰਜ ਨੈਕਟਰ ਲਾਇਫ ਸੰਨਜ ਲਿਮਟਿਡ ਦੀ ਪ੍ਰਤੀ ਬੇਨਤੀ ਤੇ ਦਫਤਰ ਵੱਲੋ ਕੀਤੀ ਗਈ ਕਾਰਵਾਈ ਦੀ ਪ੍ਰੋੜਤਾ ਕੀਤੀ ।

ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੀ ਮੱਦ ਤੇ ਵਿਚਾਰ ਕੀਤਾ ਗਿਆ :-

ਸੈਕਟਰ 77 ਵਿਚ ਮਾਹਰਾਜਾ ਰਣਜੀਤ ਸਿੰਘ ਅਕੈਡਮੀ ਨੂੰ ਵਾਧੂ ਜਮੀਨ ਦੀ ਅਲਾਟਮੈਂਟ ਕਰਨ ਬਾਰੇ:

ਮਾਨਯੋਗ ਮੁੱਖ ਮੰਤਰੀ ਜੀ ਵੱਲੋ ਮੀਟਿੰਗ ਵਿਚ ਇਹ ਧਿਆਨ ਵਿਚ ਲਿਆਂਦਾ ਕਿ ਸੈਕਟਰ 77 ਵਿਚ ਜਿਸ ਜਗ੍ਹਾ ਤੇ ਮਾਹਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪਰੈਪਰੇਟਰੀ ਇੰਨਸਟੀਟਿਊਟ, ਸੈਕਟਰ 77 ਐਸ ਏ ਐਸ ਨਗਰ ਉਸਾਰੀ ਜਾ ਰਹੀ ਹੈ, ਜਿਸਦਾ ਉਹਨਾਂ ਵੱਲੋਂ ਮੌਕਾ ਵੇਖਿਆ ਗਿਆ ਸੀ । ਉਹਨਾਂ ਦੱਸਿਆ ਕਿ ਮੁਨਾਸਿਬ ਹੋਵੇ ਜੇਕਰ ਉਸਦੇ ਨਾਲ ਲਗਦੀ ਖਾਲੀ ਭੌ ਜੋਕਿ ਅਜੇ ਤੱਕ ਕਿਸੇ ਨੂੰ ਅਲਾਟ ਨਹੀ ਕੀਤੀ ਗਈ ਇਸ ਨਾਲ ਆਉਣ ਵਾਲੇ ਸਮੇਂ ਵਿਚ ਇਨਸਟੀਟਿਊਟ ਦੀਆਂ ਲੋੜਾਂ ਪੂਰੀਆਂ ਹੋ ਸਕਣਗੀਆਂ। ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਇਨਸਟੀਟਿਊਟ ਦੇ ਨਾਲ ਲਗਦੀ ਖਾਲੀ ਭੌ ਨੂੰ ਪਹਿਲਾਂ ਵਾਲੀਆਂ ਸਰਤਾਂ ਤੇ ਅਲਾਟ ਕਰ ਦਿੱਤਾ ਜਾਵੇ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ-ਕਮ-ਚੇਅਰਮੈਨ
ਗਮਾਡਾ ।

ਅਨੁਲੱਗ। 14।

ਮੈਂ ਮਮਤਾ ਰਾਣੀ ਪਤਨੀ ਸ੍ਰੀ ਸੋਨੂੰ ਛਾਬੜਾ ਬਿਆਨ ਕਰਦੀ ਹਾਂ ਕਿ ਮੈਨੂੰ ਅੱਜ ਮਿਤੀ 17-12-20 ਨੂੰ ਮਿਲਖ ਅਫਸਰ ਜੀ ਵਲੋਂ ਮੇਰੀ 0.05125 ਏਕੜ ਆਉਂਦੀ ਭੌਂ ਵਿਰੁੱਧ ਬਣਦੇ 49 ਵਰਗ ਗਜ ਏਰੀਏ ਵਿਰੁੱਧ ਆਪਸ਼ਨ ਸੰਬਧੀ ਹੇਠਾਂ ਅਨੁਸਾਰ ਦੱਸਿਆ ਗਿਆ ਹੈ :-

ੳ ਕਿ ਉਹ 1.50 ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਦੀ ਕੀਮਤ ਲੈ ਕੇ ਲੈਂਡ ਪੂਲਿੰਗ ਸਕੀਮ ਨੂੰ ਖਤਰ ਕਰ ਸਕਦੇ ਹਨ । ਅਜਿਹਾ ਕਰਨ ਨਾਲ ਉਨਾਂ ਨੂੰ ਔਸਟੀ ਕੋਟੇ ਦੇ ਪਲਾਟ ਦੀ ਯੋਗਤਾ ਅਨੁਸਾਰ ਲਾਭ ਦਿੱਤਾ ਜਾ ਸਕਦਾ ਹੈ ।

ਅ ਜਾਂ ਫਿਰ ਉਨਾਂ ਨੂੰ ਐਂਨਟਾਇਟਲਮੈਂਟ ਸਰਟੀਫਿਕੇਟ ਦਿੱਤਾ ਜਾਵੇਗਾ, ਜੋ ਕਿ ਵੇਚਣਯੋਗ ਹੋਵੇਗਾ ਅਤੇ ਉਹ ਕਿਸੇ ਵੀ ਹੋਰ ਫਰੈਕਸ਼ਨ/ਡੈਸੀਮਲ ਵਾਲੇ ਪਲਾਟ ਭੌਂ ਮਾਲਕਾਂ ਨਾਲ ਕਲੱਬ ਕਰ ਸਕਦੇ ਹਨ ।

ੲ ਜਾਂ ਫਿਰ ਉਹ ਉਕਤ ਦੋਨੋਂ ਆਪਸ਼ਨਾਂ ਤੋਂ ਇਲਾਵਾ ਸਕੀਮ ਪ੍ਰਾਇਸ ਤੇ ਐਨਟਾਇਟਲਮੈਂਟ ਸਰਟੀਫਿਕੇਟ ਦੇ ਹਿਸਾਬ ਨਾਲ ਪੈਸੇ ਲੈ ਸਕਦੇ ਹਨ ।

ਸ ਜਾਂ ਫਿਰ ਢੁਹ 125 ਵ:ਗਜ ਦਾ ਐਂਨਟਾਇਟਲਮੈਂਟ ਸਰਟੀਫਿਕੇਟ ਵੱਖਰੇ ਤੌਰ ਤੇ ਵੀ ਲੈ ਸਕਦੇ ਹਨ, ਜਿਸ ਵਿੱਚ ਉਨ੍ਹਾਂ ਤੋਂ ਬਾਕੀ ਰਹਿੰਦੀ ਰਕਮ ਸਕੀਮ ਕੀਮਤ ਤੇ ਵਸੂਲੀ ਜਾਵੇਗੀ ਤੇ ਉਨ੍ਹਾਂ ਦੀ ਔਸਟੀ ਸਕੀਮ ਲਈ ਯੋਗਤਾ ਨਹੀਂ ਰਹੇਗੀ ।

ਉਪਰੋਕਤ ਦੱਸੀ ਸਥਿਤੀ ਅਨੁਸਾਰ ਮੈਂ ਉਕਤ ਦੱਸੀਆਂ ਆਪਸ਼ਨ ੳ, ਅ, ੲ ਨੂ ਰੱਦ ਕਰਦੀ ਹੋਈ (ਸ) ਭਾਵ ਵੱਖਰਾ ਐਂਨਟਾਇਟਲਮੈਂਟ ਸਰਟੀਫਿਕੇਟ 125 ਵ:ਗਜ ਦਾ ਲੈਣ ਨੂੰ ਤਿਆਰ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਮੇਰੇ 49 ਵ:ਗਜ ਰਿਹਾਇਸੀ ਰਕਬੇ ਵਿਚ ਮੇਰਾ ਬਣਦਾ ਕਮਰਸੀਅਲ ਰਕਬਾ ਵੀ ਸਾਮਲ ਕਰ ਲਿਆ ਜਾਵੇ । ਬਾਕੀ ਬਣਦੇ ਰਕਬੇ ਦੀ ਮੈਂ ਸਕੀਮ ਕੀਮਤ ਦੇਣ ਨੂੰ ਤਿਆਰ ਹਾਂ ।

Mamta Rani

17-12-10

17/12/10

ਅਨੁਲੱਗ 'ਸ'

ਮੈਂ ਸੰਤੋਸ਼ ਰਾਣੀ ਪਤਨੀ ਸ੍ਰੀ ਸੋਮਨਾਥ ਬਿਆਨ ਕਰਦੀ ਹਾਂ ਕਿ ਮੈਨੂੰ ਅੱਜ ਮਿਤੀ 17-12-10 / 23/12/10 ਨੂੰ ਮਿਲਖ ਅਫਸਰ ਜੀ ਵਲੋਂ ਮੇਰੀ 0.05125 ਏਕੜ ਆਉਂਦੀ ਭੌਂ ਵਿਰੁੱਧ ਬਣਦੇ 49 ਵਰਗ ਗਜ ਏਰੀਏ ਵਿਰੁੱਧ ਆਪਸ਼ਨ ਸੰਬਧੀ ਹੇਠਾਂ ਅਨੁਸਾਰ ਦੱਸਿਆ ਗਿਆ ਹੈ :-

ੳ ਕਿ ਉਹ 1.50 ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਦੀ ਕੀਮਤ ਲੈ ਕੇ ਲੈਂਡ ਪੂਲਿੰਗ ਸਕੀਮ ਨੂੰ ਖਤਰ ਕਰ ਸਕਦੇ ਹਨ । ਅਜਿਹਾ ਕਰਨ ਨਾਲ ਉਨਾਂ ਨੂੰ ਔਸਟੀ ਕੋਟੇ ਦੇ ਪਲਾਟ ਦੀ ਯੋਗਤਾ ਅਨੁਸਾਰ ਲਾਭ ਦਿੱਤਾ ਜਾ ਸਕਦਾ ਹੈ ।

ਅ ਜਾਂ ਫਿਰ ਉਨਾਂ ਨੂੰ ਐਂਨਟਾਇਟਲਮੈਂਟ ਸਰਟੀਫਿਕੇਟ ਦਿੱਤਾ ਜਾਵੇਗਾ, ਜੋ ਕਿ ਵੇਚਣਯੋਗ ਹੋਵੇਗਾ ਅਤੇ ਉਹ ਕਿਸੇ ਵੀ ਹੋਰ ਫਰੈਕਸ਼ਨ/ਡੈਸੀਮਲ ਵਾਲੇ ਪਲਾਟ ਭੌਂ ਮਾਲਕਾਂ ਨਾਲ ਕਲੱਬ ਕਰ ਸਕਦੇ ਹਨ ।

ੲ ਜਾਂ ਫਿਰ ਉਹ ਉਕਤ ਦੋਨੋ ਆਪਸ਼ਨਾਂ ਤੋਂ ਇਲਾਵਾ ਸਕੀਮ ਪ੍ਰਾਇਸ ਤੇ ਐਨਟਾਇਟਲਮੈਂਟ ਸਰਟੀਫਿਕੇਟ ਦੇ ਹਿਸਾਬ ਨਾਲ ਪੈਸੇ ਲੈ ਸਕਦੇ ਹਨ ।

ਸ ਜਾਂ ਫਿਰ ਉਹ 125 ਵ:ਗਜ ਦਾ ਐਂਨਟਾਇਟਲਮੈਂਟ ਸਰਟੀਫਿਕੇਟ ਵੱਖਰੇ ਤੌਰ ਤੇ ਵੀ ਲੈ ਸਕਦੇ ਹਨ, ਜਿਸ ਵਿੱਚ ਉਨ੍ਹਾਂ ਤੋਂ ਬਾਕੀ ਰਹਿੰਦੀ ਰਕਮ ਸਕੀਮ ਕੀਮਤ ਤੇ ਵਸੂਲੀ ਜਾਵੇਗੀ ਤੇ ਉਨ੍ਹਾਂ ਦੀ ਔਸਟੀ ਸਕੀਮ ਲਈ ਯੋਗਤਾ ਨਹੀਂ ਰਹੇਗੀ ।

ਉਪਰੋਕਤ ਦੱਸੀ ਸਥਿਤੀ ਅਨੁਸਾਰ ਮੈਂ ਉਕਤ ਦੱਸੀਆਂ ਆਪਸ਼ਨ ੳ, ਅ, ੲ ਨੂ ਰੱਦ ਕਰਦੀ ਹੋਈ (ਸ) ਭਾਵ ਵੱਖਰਾ ਐਂਨਟਾਇਟਲਮੈਂਟ ਸਰਟੀਫਿਕੇਟ 125 ਵ:ਗਜ ਦਾ ਲੈਣ ਨੂੰ ਤਿਆਰ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਮੇਰੇ 49 ਵ:ਗਜ ਰਿਹਾਇਸੀ ਰਕਬੇ ਵਿਚ ਮੇਰਾ ਬਣਦਾ ਕਮਰਸੀਅਲ ਰਕਬਾ ਵੀ ਸਾਮਲ ਕਰ ਲਿਆ ਜਾਵੇ । ਬਾਕੀ ਬਣਦੇ ਰਕਬੇ ਦੀ ਮੈਂ ਸਕੀਮ ਕੀਮਤ ਦੇਣ ਨੂੰ ਤਿਆਰ ਹਾਂ ।

23/12

ਸੰਤੋਸ਼ ਰਾਣੀ
23-12-10

ਏਜੰਡਾ ਆਈਟਮ ਨੰ:- 913
ਅਥਾਰਟੀ ਮੀਟਿੰਗ

ਵਿਸ਼ਾ: ਖਰੜ ਬਾਈਪਾਸ ਅਤੇ ਸੈਕਟਰ 120,123 ਐਸ.ਏ.ਐਸ.ਨਗਰ ਨੂੰ ਅਰਬਨ ਅਸਟੇਟ ਵਜੋਂ ਵਿਕਸਤ ਕਰਨ ਸਬੰਧੀ ਅਤੇ ਵਾਟਰ ਟਰੀਟਮੈਂਟ ਪਲਾਂਟ ਸਥਾਪਤ ਕਰਨ ਬਾਰੇ ।

ਐਸ.ਏ.ਐਸ.ਨਗਰ ਦਾ ਮਾਸਟਰ ਪਲੈਨ ਤਿਆਰ ਕਰਨ ਉਪਰੰਤ ਨੋਟੀਫਾਈ ਕੀਤਾ ਜਾ ਚੁੱਕਾ ਹੈ, ਜਿਸ ਵਿੱਚ ਸੈਕਟਰ 56 ਅਤੇ ਦਾਰਾ ਸਟੂਡੀਓ ਦੇ ਲਾਗੇ 200' ਚੌੜੀ ਸੜਕ ਜੋ ਕਿ ਸੈਕਟਰ 121,122,120,123,124 ਅਤੇ 125 ਦਰਮਿਆਨ ਹੁੰਦੇ ਹੋਏ ਖਰੜ ਸ਼ਹਿਰ ਨੂੰ ਪਾਰ ਕਰਦੇ ਹੋਏ ਐਨ.ਐਚ-21 ਕੋਲ ਮਿਲਦੀ ਹੈ , ਤਜਵੀਜ਼ ਕੀਤੀ ਗਈ ਹੈ । ਇਸ ਸੜਕ ਦੇ ਬਨਣ ਨਾਲ ਚੰਡੀਗੜ੍ਹ ਤੋਂ ਐਸ.ਏ.ਐਸ.ਨਗਰ ਹੁੰਦੇ ਹੋਏ ਖਰੜ-ਲੁਧਿਆਣਾ ਜਾਣ ਵਾਲਾ ਟਰੈਫਿਕ ਇਸ ਸੜਕ ਰਾਹੀਂ ਡਾਈਵਰਟ ਹੋਕੇ ਐਨ.ਐਚ-21 ਕੋਲ ਮਿਲੇਗਾ । ਅਜਿਹਾ ਕਰਨ ਨਾਲ ਐਨ.ਐਚ-21 , ਜਿਸ ਉਪਰ ਆਮ ਕਰਕੇ ਜਾਮ ਲੱਗਾ ਰਹਿੰਦਾ ਹੈ ਅਤੇ ਦੁਰਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ , ਦਾ ਟਰੈਫਿਕ ਡਾਈਵਰਟ ਹੋਣ ਨਾਲ ਕਾਫੀ ਰਾਹਤ ਮਿਲੇਗੀ।

2. ਗਮਾਡਾ ਵੱਲੋਂ ਵੱਧ ਰਹੀ ਜਨਸੰਖਿਆ ਨੂੰ ਪਾਣੀ ਮੁਹੱਈਆ ਕਰਵਾਉਣ ਵਾਸਤੇ ਕਜੌਲੀ ਤੋਂ ਪਾਣੀ ਲਿਆਉਂਦੇ ਹੋਏ ਇੱਕ ਵਾਟਰ ਟਰੀਟਮੈਂਟ ਪਲਾਂਟ ਉਸਾਰਨ ਦੀ ਤਜਵੀਜ਼ ਹੈ , ਜੋ ਕਿ ਸੈਕਟਰ 120 ਵਿੱਚ ਉਸਾਰਿਆ ਜਾਵੇਗਾ । ਇਨ੍ਹਾਂ ਪ੍ਰੋਜੈਕਟਾਂ ਨੂੰ ਸਵੈ-ਨਿਰਭਰ ਬਨਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਇਸ ਦੇ ਨਾਲ ਲਗਦੇ ਬਾਕੀ ਦੇ ਰਕਬੇ ਜੋ ਕਿ ਸੈਕਟਰ 120 ਅਤੇ 123 ਵਿੱਚ ਪੈਂਦਾ ਹੈ ਅਤੇ ਜਿਸਨੂੰ ਮਾਸਟਰ ਪਲੈਨ ਦੀਆਂ ਤਜਵੀਜ਼ਾਂ ਅਨੁਸਾਰ ਰਿਹਾਇਸ਼ੀ ਮੰਤਵ ਵਾਸਤੇ ਤਜਵੀਜ਼ ਕੀਤਾ ਗਿਆ ਹੈ , ਦੀ ਭੌਂ ਨੂੰ ਵੀ ਪ੍ਰਾਪਤ ਕਰ ਲਿਆ ਜਾਵੇ । ਇਸ ਤੋਂ ਇਲਾਵਾ ਸੈਕਟਰ 120 ਵਿੱਚ ਇੱਕ ਸਬ ਸਿਟੀ ਸੈਂਟਰ ਨੂੰ ਵਿਕਸਤ ਕੀਤਾ ਜਾਣਾ ਹੈ , ਜੋ ਕਿ ਸੈਕਟਰ 120 ਤੋਂ 125 , ਸੈਕਟਰ ਦੀਆਂ ਵਪਾਰਕ ਲੋੜਾਂ ਨੂੰ ਪੂਰਾ ਕਰੇਗਾ । ਇਸ ਸਾਈਟ ਨੂੰ ਨਾਲ ਨੱਥੀ ਪਲੈਨ ਉੱਤੇ ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ । ਇਨ੍ਹਾਂ ਸੈਕਟਰਾਂ ਅਤੇ ਬਾਈਪਾਸ ਵਿੱਚ ਪਿੰਡ ਦਾਊਂ, ਸੀਆਂਪੁਰ , ਹਸਨਪੁਰ , ਤੜੌਲੀ , ਬੜਮਾਜਰਾ , ਰਾਇਪੁਰ , ਜੰਡਪੁਰ , ਝੂੰਗੀਆਂ ਆਦਿ ਦੀ ਭੌਂ ਆਵੇਗੀ । ਇਨ੍ਹਾਂ ਸੈਕਟਰਾਂ ਨੂੰ ਵਿਕਸਤ ਕਰਨ ਵਾਸਤੇ ਲਗਭੱਗ 930 ਏਕੜ ਭੌਂ ਲੋੜੀਂਦੀ ਹੈ । ਇਸ ਤੋਂ ਇਲਾਵਾ ਲਗਭੱਗ 120 ਏਕੜ ਭੌਂ ਖਰੜ ਬਾਈਪਾਸ ਨੂੰ ਬਨਾਉਣ ਵਾਸਤੇ ਚਾਹੀਦੀ ਹੋਵੇਗੀ । ਜੋ ਕਿ ਕੁੱਲ 1050 ਏਕੜ

ਹੋ ਜਾਵੇਗੀ ।ਇਸ ਵਿੱਚੋਂ ਜੋ ਭੌਂ 200' ਚੌੜੀ ਸੜਕ ਵਿੱਚ ਅਰਬਨ ਅਸਟੇਟ ਦਾ ਹਿੱਸਾ ਹੈ , ਉਸਦਾ ਰਕਬਾ 20 ਏਕੜ ਹੈ । ਇਸ ਤਰ੍ਹਾਂ ਕੁੱਲ 1030 ਏਕੜ ਭੌਂ ਨੂੰ ਐਕੁਆਇਰ ਕੀਤਾ ਜਾਣਾ ਹੈ । ਇਸ ਭੌਂ ਨੂੰ ਐਕੁਆਇਰ ਕਰਨ ਵਾਸਤੇ 1545 ਕਰੋੜ ਰੁਪਏ ਚਾਹੀਦੇ ਹੋਣਗੇ । ਇਸ ਤੋਂ ਇਲਾਵਾ 515 ਕਰੋੜ ਰੁਪਏ 50.00 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਵਿਕਸਤ ਕਰਨ ਵਾਸਤੇ ਚਾਹੀਦੇ ਹੋਣਗੇ ।

3. ਇਨ੍ਹਾਂ ਸੈਕਟਰਾਂ ਨੂੰ ਵਿਕਸਤ ਕਰਨ ਲਈ ਕੀਤੇ ਜਾਣ ਵਾਲੇ ਖਰਚੇ ਅਤੇ ਰੈਵੀਨਿਊ ਪ੍ਰਾਪਤੀ ਸਬੰਧੀ ਦੋ ਅਲਟਰਨੇਟਿਵ ਤਿਆਰ ਕੀਤੇ ਗਏ ਹਨ , ਜੋ ਕਿ ਹੇਠ ਲਿਖੇ ਅਨੁਸਾਰ ਹਨ :-

100% ਭੌਂ ਪ੍ਰਾਪਤ ਕਰਨ ਦੀ ਸਥਿਤੀ ਵਿੱਚ (ੳ)

| ਲੜੀ ਨੰ: | ਖਰਚਾ (ਕਰੋੜਾਂ ਵਿੱਚ) | ਅਨੁਮਾਨਤ ਪ੍ਰਾਪਤੀ (ਕਰੋੜਾਂ ਵਿੱਚ ) | ਵਿਸ਼ੇਸ਼ਕਥਨ |
|---|---|---|---|
| 1. | 1) 1030 ਏਕੜ ਭੌਂ ਪ੍ਰਾਪਤ ਕਰਨ ਲਈ = 1545.00 @ 1.5 ਕਰੋੜ ਪ੍ਰਤੀ ਏਕੜ<br>2) 1030 ਏਕੜ ਭੌਂ ਨੂੰ ਵਿਕਸਤ ਕਰਨ = 515.00 @ 0.5 ਕਰੋੜ ਰੁਪਏ ਪ੍ਰਤੀ ਏਕੜ।<br>3) ਮੇਨਟੀਨੈਂਸ ਚਾਰਜਿਜ਼@ 2.5% = 64.37 ਪੰਜ ਸਾਲਾਂ ਲਈ ਵਿਕਾਸ ਕਾਰਜਾਂ ਦੇ ਖਰਚੇ ਲਈ<br>4) ਪ੍ਰਬੰਧਕੀ ਖਰਚੇ @ 10% = 51.5 ਵਿਕਾਸ ਕਾਰਜਾਂ ਲਈ<br>5) ਢਾਈ ਸਾਲਾਂ ਲਈ 10%ਸਲਾਨਾ = 386.25 ਸਧਾਰਨ ਦਰ ਤੇ ਜ਼ਮੀਨ ਦੀ ਕੀਮਤ ਉਪਰ ਵਿਆਜ਼ | 1. ਕੁੱਲ ਰਕਬਾ 1030 ਏਕੜ<br>2. ਸੀਵਰੇਜ਼ ਟਰੀਟਮੈਂਟ 80 ਏਕੜ ਪਲਾਂਟ ਦਾ ਰਕਬਾ<br>3. ਬਾਈਪਾਸ ਸੜਕ 100 ਏਕੜ<br>ਬਕਾਇਆ ਰਕਬਾ 850 ਏਕੜ<br>850×1936×12000 = 1974.72 ਕਰੋੜ | 1)ਅਨੁਮਾਨਤ ਪ੍ਰਾਪਤੀਆਂ ਵਿੱਚ ਜੋ ਕੀਮਤ ਲਈ ਗਈ ਹੈ , ਉਸ ਵਿੱਚ ਇੰਸਟੀਚਿਊਸ਼ਨਲ, ਕਮਰਸ਼ੀਅਲ ਏਰੀਆ ਦਾ ਸੇਲਏਬਲ ਏਰੀਆ ਨਹੀਂ ਲਿਆ ਗਿਆ।ਇਸ ਤੋਂ ਇਲਾਵਾ ਜੋ ਰਕਬਾ ਕਿਸੇ ਵੀ ਡਿਵੈਲਪਰ ਦਾ ਸੜਕ ਅਧੀਨ ਆਉਂਦਾ ਹੋਵੇਗਾ , ਉਸਨੂੰ ਵੀ ਈਡੀਸੀ ਵਿੱਚ ਅਡਜਸਟ ਕਰ ਦਿੱਤਾ ਜਾਵੇਗਾ । ਇਸੇ ਤਰ੍ਹਾਂ ਵਿਆਜ਼ ਦੀ ਦਰ ਵੀ ਘੱਟ ਵੱਧ ਸਕਦੀ ਹੈ ।<br>2) 80 ਏਕੜ ਰਕਬਾ ਜੋ ਕਿ ਵਾਟਰ ਟਰੀਟਮੈਂਟ ਪਲਾਂਟ ਵਾਸਤੇ ਲਿਆ ਜਾਣਾ ਹੈ , ਉਸ ਵਿੱਚੋਂ ਕੋਈ ਪ੍ਰਾਪਤੀ ਨਹੀਂ ਹੋਵੇਗੀ।<br>3)ਇਸ ਤੋਂ ਇਲਾਵਾ ਪੈਰੀਫੇਰਲ ਸੜਕਾਂ ਦਾ ਰਕਬਾ ਪ੍ਰਾਪਤ ਕੀਤਾ ਜਾਣਾ ਜ਼ਰੂਰੀ ਹੈ , ਕਿਉਂ ਜੋ ਕਜੌਲੀ ਤੋਂ ਵਾਟਰ ਟਰੀਟਮੈਂਟ ਪਲਾਂਟ ਤੱਕ ਵਾਟਰ ਲਾਈਨ ਲਿਆਉਣ ਉਪਰੰਤ ਪਾਣੀ ਨੂੰ ਡਿਸਟ੍ਰੀਬਿਊਟ ਕਰਨ ਵਾਸਤੇ ਇਨ੍ਹਾਂ ਸੜਕਾਂ ਦੇ ਬਰਮ ਵਿੱਚ ਪਾਈਪ ਲਾਈਨ ਪਾਉਣ ਦੀ ਲੋੜ ਪਵੇਗੀ। |
| | ਕੁੱਲ ਖਰਚਾ = 2562.12 | ਪ੍ਰਾਪਤੀ = 1974.72 | |

100% ਤੋਂ ਲੈਂਡ ਪੂਲਿੰਗ ਸਕੀਮ ਅਧੀਨ ਪ੍ਰਾਪਤ ਕਰਨ ਦੀ ਸਥਿਤੀ ਵਿੱਚ (ਅ)

| ਲੜੀ ਨੰ: | ਖਰਚਾ (ਕਰੋੜਾਂ ਵਿੱਚ) | ਅਨੁਮਾਨਤ ਪ੍ਰਾਪਤੀ (ਕਰੋੜਾਂ ਵਿੱਚ ) | ਵਿਸ਼ੇਸ਼ਕਥਨ |
|---|---|---|---|
| 1. | 1) 1030 ਏਕੜ ਭੌਂ ਪ੍ਰਾਪਤ ਕਰਨ = ਨਿੱਲ ਵਾਸਤੇ ਭੌਂ ਮਾਲਕਾਂ ਵੱਲੋਂ 100 ਫੀਸਦੀ ਲੈਂਡ ਪੂਲਿੰਗ ਸਕੀਮ ਆਪਟ ਕੀਤੀ ਜਾਵੇਗੀ, ਜਿਸ ਕਾਰਨ ਭੌਂ ਪ੍ਰਾਪਤੀ ਤੇ ਕੋਈ ਖਰਚਾ ਨਹੀਂ ਆਵੇਗੀ<br><br>2)1307ਏਕੜ ਭੌਂ ਨੂੰ ਵਿਕਸਤ ਕਰਨ = 515.00 ਲਈ @ 0.5% ਕਰੋੜ ਰੁਪਏ ਪ੍ਰਤੀਏਕੜ<br><br>3) ਮੇਨਟੀਨੈਂਸ ਚਾਰਜਿਜ਼@ 2.5% = 64.37 ਪੰਜ ਸਾਲਾਂ ਲਈ ਵਿਕਾਸ ਕਾਰਜਾਂ ਦੇ ਖਰਚੇ ਲਈ<br><br>4) ਪ੍ਰਬੰਧਕੀ ਖਰਚੇ @ 10% = 51.5 ਵਿਕਾਸ ਕਾਰਜਾਂ ਲਈ | 1. ਕੁੱਲ ਰਕਬਾ 1030 ਏਕੜ<br>2. ਲੈਂਡ ਪੂਲਿੰਗ ਅਧੀਨ 515 ਏਕੜ<br>3. ਬਕਾਇਆ ਰਕਬਾ 515 ਏਕੜ<br>4. ਸੀਵਰੇਜ਼ ਟਰੀਟਮੈਂਟ 80 ਏਕੜ ਪਲਾਂਟ<br>5. ਸੜਕ ਅਧੀਨ 100 ਏਕੜ<br><br>ਕੁੱਲ ਸੇਲਏਬਲ ਏਰੀਆ 335 ਏਕੜ<br><br>335×1936×12000 = 778.27 ਕਰੋੜ | ਅਨੁਮਾਨਤ ਪ੍ਰਾਪਤੀਆਂ ਵਿੱਚ ਜ਼ੋ ਕੀਮਤ ਲਈ ਗਈ ਹੈ , ਉਸਵਿੱਚ ਇੰਸਟੀਚਿਊਸ਼ਨਲ, ਕਮਰਸ਼ੀਅਲ ਏਰੀਆ ਦਾ ਸੇਲਏਬਲ ਏਰੀਆ ਨਹੀਂ ਲਿਆ ਗਿਆ।ਇਸ ਤੋਂ ਇਲਾਵਾ ਜ਼ੋ ਰਕਬਾ ਕਿਸੇ ਵੀ ਡਿਵੈਲਪਰ ਦਾ ਸੜਕ ਅਧੀਨ ਆਉਂਦਾ ਹੋਵੇਗਾ , ਉਸਨੂੰ ਵੀ ਈਡੀਸੀ ਵਿੱਚ ਅਡਜਸਟ ਕਰ ਦਿੱਤਾ ਜਾਵੇਗਾ । ਇਸੇ ਤਰ੍ਹਾਂ ਵਿਆਜ਼ ਦੀ ਦਰ ਵੀ ਘੱਟ ਵੱਧ ਸਕਦੀ ਹੈ ।<br><br>2) 80 ਏਕੜ ਰਕਬਾ ਜ਼ੋ ਕਿ ਵਾਟਰ ਟਰੀਟਮੈਂਟ ਪਲਾਂਟ ਵਾਸਤੇ ਲਿਆ ਜਾਣਾ ਹੈ , ਉਸ ਵਿੱਚੋਂ ਕੋਈ ਪ੍ਰਾਪਤੀ ਨਹੀਂ ਹੋਈ। |
| | ਕੁੱਲ ਖਰਚਾ = 630.87 | ਪ੍ਰਾਪਤੀ = 778.27 ਕਰੋੜ | |

4. ਗਮਾਡਾ ਵੱਲੋਂ ਜੋ ਵੀ ਜ਼ਮੀਨ ਵਿਕਾਸ ਵਾਸਤੇ ਕਿਸਾਨਾਂ ਤੋਂ ਪ੍ਰਾਪਤ ਕੀਤੀ ਜਾਣੀ ਹੈ , ਉਸ ਵਿੱਚ ਲੈਂਡ ਪੂਲਿੰਗ ਦਿੱਤੀ ਜਾਣੀ ਹੈ । ਹਾਲ ਹੀ ਵਿੱਚ ਐਰੋਸਿਟੀ ਦੀ ਭੌਂ ਪ੍ਰਾਪਤੀ ਕਰਨ ਵੇਲੇ ਵੀ ਲੈਂਡ ਪੂਲਿੰਗ ਸਕੀਮ ਦਿੱਤੀ ਗਈ ਸੀ ਅਤੇ ਭਵਿੱਖ ਵਿੱਚ ਮੁੱਲਾਂਪੁਰ ਅਰਬਨ ਅਸਟੇਟ ਲਈ ਰਕਬਾ ਐਕੁਆਇਰ ਕਰਨ ਵਾਸਤੇ ਵੀ ਇਸਦੀ ਤਜਵੀਜ਼ ਹੈ ।

5. ਉਪਰੋਕਤ ਸਕੀਮ ਨੂੰ ਲਾਗੂ ਕਰਨ ਵਾਸਤੇ 1.50 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ 1545.00ਕਰੋੜ ਰੁਪਏ ਦੀ ਰਾਸ਼ੀ ਭੌਂ ਵਾਸਤੇ ਲੋੜੀਂਦੀ ਹੋਵੇਗੀ ਅਤੇ 50ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਵਿਕਾਸ ਕਾਰਜਾਂ ਵਾਸਤੇ 515ਕਰੋੜ ਦੀ ਰਾਸ਼ੀ ਚਾਹੀਦੀ ਹੋਵੇਗੀ ਅਤੇ ਮੇਨਟੀਨੈਂਸ ਚਾਰਜ਼ਿਜ਼ ਅਤੇ ਐਡਮਨਿਸਟਰੇਟਿਵ ਚਾਰਜਿਜ਼ ਅਤੇ ਢਾਈ ਸਾਲਾਂ ਦੇ ਵਿਆਜ਼ ਨੂੰ ਧਿਆਨ ਵਿੱਚ ਰੱਖਦੇ ਹੋਏ 502.12 ਕਰੋੜ ਰੁਪਏ ਚਾਹੀਦੀ ਹੋਵੇਗੀ । ਇਸ ਤਰ੍ਹਾਂ ਇਹ ਕੁੱਲ ਰਾਸ਼ੀ 2562.12 ਕਰੋੜ ਬਣਦੀ ਹੈ , ਜਿਸ ਦਾ ਅਥਾਰਟੀ ਵੱਲੋਂ ਅਪਣੇ ਸਾਧਨਾਂ ਵਿੱਚੋਂ ਉਪਬੰਧ ਕਰਨਾ ਪਵੇਗਾ ਪਰ ਗਮਾਡਾ ਪਾਸ ਇਸ ਵੇਲੇ ਇੰਨੀ ਵੱਡੀ ਰਕਮ ਉਪਲਬਧ ਨਾਂ ਹੋਣ ਕਾਰਨ ਬੈਂਕ ਜਾਂ ਕਿਸੇ ਹੋਰ ਵਿੱਤੀ ਅਦਾਰਿਆਂ ਤੋਂ ਕਰਜ਼ਾ ਲੈਣਾ ਪਵੇਗਾ । ਪਰੰਤੂ ਜੇਕਰ ਇਸ ਸਕੀਮ ਵਿੱਚ ਲੈਂਡ ਪੂਲਿੰਗ ਸਕੀਮ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਅਥਾਰਟੀ ਦਾ ਨਕਦ ਮੁਆਵਜ਼ਾ ਦੇਣ ਵਾਲੀ ਰਾਸ਼ੀ ਕਾਫੀ ਘੱਟ ਜਾਵੇਗੀ । ਜਿਵੇਂ ਕਿ ਐਰੋਸਿਟੀ ਦੇ ਕੇਸ ਵਿੱਚ ਲੈਂਡ ਪੂਲਿੰਗ ਸਕੀਮ

ਮੁਹੱਈਆ ਕਰਵਾਈ ਗਈ ਹੈ , ਉਸ ਵੇਲੇ ਬਹੁਤੀ ਪੌਪੂਲਰ ਨਾਂ ਹੋਣ ਕਰਕੇ ਹੁਣ ਵੀ ਇਸ ਸਕੀਮ ਵਾਸਤੇ ਕਾਫੀ ਲੋਕ ਪੁੱਛਗਿੱਛ ਕਰ ਰਹੇ ਹਨ । ਉਮੀਦ ਹੈ ਕਿ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਵਿੱਚੋਂ ਅੱਧੀ ਭੌਂ ਦੇ ਮਾਲਕ ਇਸ ਸਕੀਮ ਨੂੰ ਆਪਟ ਕਰਨਗੇ , ਜਿਸ ਨਾਲ ਮੁਆਵਜ਼ਾ ਦੇਣ ਦੀ ਰਕਮ ਕਾਫੀ ਘੱਟ ਜਾਵੇਗੀ । ਬੈਂਕਾਂ ਤੋਂ ਵਿੱਤੀ ਸੰਸਥਾਂਵਾਂ ਤੋਂ ਕਰਜ਼ਾ ਲੈਣ ਵਾਸਤੇ ਅਥਾਰਟੀ ਨੂੰ ਅਪਣੇ ਵੱਲੋਂ ਲਗਭੱਗ 25ਪ੍ਰਤੀਸ਼ਤ ਫੰਡਜ਼ ਜੁਟਾਨੇ ਹੋਣਗੇ ਜੋ ਕਿ ਮੌਜੂਦਾ ਫੰਡਜ਼ ਜਾਂ ਵਿਕਸਤ ਕੀਤੇ ਜਾਣ ਵਾਲੇ ਪਲਾਟਾਂ ਦੀ ਸਕੀਮ ਲਾਂਚ ਕਰਕੇ ਪੂਰੇ ਕੀਤੇ ਜਾ ਸਕਦੇ ਹਨ ।

6. ਵਿਕਾਸ ਕਾਰਜਾਂ ਤੇ ਇਸ ਸਮੇਂ ਦੇ ਰੇਟਾਂ ਅਨੁਸਾਰ ਅੰਦਾਜਨ 50ਲੱਖ ਰੁਪਏ ਪ੍ਰਤੀ ਏਕੜ ਖਰਚਾ ਆਉਣ ਦਾ ਅੰਦਾਜਾ ਹੈ । ਇਸ ਲਈ ਨਕਦ ਅਦਾਇਗੀ ਲਈ ਦਿੱਤੇ ਜਾਣ ਵਾਲਾ ਮੁਆਵਜਾ ਅਤੇ ਵਿਕਾਸ ਕਾਰਜਾਂ ਦੇ ਖਰਚੇ ਲਈ ਫੰਡਾਂ ਦਾ ਇੰਤਜਾਮ ਕਰਨ ਲਈ ਗਮਾਡਾ ਨੂੰ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਤੋਂ ਕਰਜ਼ਾ ਲੈਣ ਦੀ ਕਾਰਵਾਈ ਕਰਨੀ ਪਵੇਗੀ । ਮੁਆਵਜ਼ੇ ਦੀ ਕਿੰਨੀ ਰਕਮ ਨਕਦ ਰੂਪ ਵਿੱਚ ਦਿੱਤੀ ਜਾਣੀ ਹੈ , ਦਾ ਪਤਾ ਲਗਾਉਣ ਲਈ ਭੌਂ ਮਾਲਕਾਂ ਤੋਂ ਸਹਿਮਤੀਆਂ ਮੰਗਣ ਦੀ ਤਜਵੀਜ਼ ਹੈ । ਇਸ ਉਪਰੰਤ ਹੀ ਕਰਜ਼ਾ ਲੈਣ ਦੀ ਪ੍ਰਤੀਕ੍ਰਿਆ ਸ਼ੁਰੂ ਕੀਤੀ ਜਾ ਸਕਦੀ ਹੈ , ਜਿਸ ਲਈ ਕਿਸੇ ਫਾਇਨੈਂਸ਼ੀਅਲ ਸਲਾਹਕਾਰ ਦੀ ਨਿਯੁਕਤੀ ਜਾਂ ਕਿਸੇ ਕੰਸਲਟੈਂਟ ਅਜੰਸੀ ਦੀਆਂ ਸੇਵਾਵਾਂ ਲੈਣੀਆਂ ਜ਼ਰੂਰੀ ਹਨ । ਇਸ ਬਾਰੇ ਯੋਗ ਫੈਸਲਾ ਲੈਣ ਦੇ ਅਧਿਕਾਰ ਮੁੱਖ ਪ੍ਰਸ਼ਾਸ਼ਕ,ਗਮਾਡਾ ਜੀ ਨੂੰ ਦੇਣ ਦੀ ਤਜਵੀਜ਼ ਹੈ ।

7. ਬੈਂਕ ਤੇ ਹੋਰ ਵਿੱਤੀ ਸੰਸਥਾਂਵਾਂ ਤੋਂ ਮੌਜੂਦਾ ਪ੍ਰਾਪਰਟੀ ਜਾਂ ਵਿਸ਼ੇ ਅਧੀਨ ਭੌਂ ਵਿਰੁੱਧ ਕਰਜ਼ਾ ਲੈਣ ਲਈ ਸ਼ਰਤਾਂ ਅਤੇ ਵਿਆਜ ਦੀ ਦਰ ਬਾਰੇ ਨੈਗੋਸੀਏਸ਼ਨ ਕਰਨ ਲਈ ਤਿੰਨ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਨ ਅਤੇ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਂਵਾਂ ਤੋਂ ਕਰਜ਼ਾ ਲੈਣ ਲਈ ਉਨ੍ਹਾਂ ਨਾਲ ਲੋੜੀਂਦੀਆਂ ਕਾਰਵਾਈਆਂ ਕਰਨ ਅਤੇ ਹੋਰ ਨਿਰਧਾਰਤ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਅਤੇ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਹਸਤਾਖਰ ਕਰਨ ਦੇ ਅਧਿਕਾਰ ਵੀ ਮੁੱਖ ਪ੍ਰਸ਼ਾਸ਼ਕ , ਗਮਾਡਾ ਜੀ ਨੂੰ ਦੇਣ ਦੀ ਤਜਵੀਜ਼ ਹੈ ।

8. ਉਪਰੋਕਤ ਅਨੁਸਾਰ ਮਾਮਲਾ ਅਥਾਰਟੀ ਅੱਗੇ ਵਿਚਾਰਨ ਅਤੇ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਲਈ ਪੇਸ਼ ਹੈ :

1. ਅਜੰਡੇ ਵਿੱਚ ਦਿੱਤੀ ਗਈ ਤਜਵੀਜ਼ ਅਨੁਸਾਰ ਖਰੜ ਬਾਈਪਾਸ ਅਤੇ ਸੈਕਟਰ 120,123 ਐਸ.ਏ.ਐਸ.ਨਗਰ ਨੂੰ ਅਰਬਨ ਅਸਟੇਟ ਵਜੋਂ

ਵਿਕਸਤ ਕਰਨ ਸਬੰਧੀ ਅਤੇ ਵਾਟਰ ਟਰੀਟਮੈਂਟ ਪਲਾਂਟ ਸਥਾਪਤ ਕਰਨ ਬਾਰੇ ਪ੍ਰਾਪਤੀ ਦੀ ਪ੍ਰਵਾਨਗੀ । ਜਿਸ ਉਪਰੰਤ ਸਰਕਾਰ ਨੂੰ ਉਕਤ ਭੌਂ ਸਬੰਧੀ ਭੌਂ ਪ੍ਰਾਪਤੀ ਐਕਟ ਦੀ ਧਾਰਾ 4 ਅਧੀਨ ਨੋਟੀਫ਼ੀਕੇਸ਼ਨ ਕਰਨ ਲਈ ਬੇਨਤੀ ਕੀਤੀ ਜਾਵੇਗੀ ।

2. ਭੌਂ ਪ੍ਰਾਪਤੀ ਵਿੱਚ ਕਿਸਾਨਾਂ ਨੂੰ ਲੈਂਡ ਪੂਲਿੰਗ ਸਕੀਮ ਅਤੇ ਕੈਸ਼ ਮੁਆਵਜ਼ਾ ਦੋਨਾਂ ਦੀ ਉਪਸ਼ਨ ਦਿੱਤੀ ਜਾਵੇਗੀ । ਜਿਵੇਂ ਪਿਛਲੇ ਕੇਸਾਂ ਵਿੱਚ ਕੈਬਿਨਟ ਸਬ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਹੈ, ਉਸੇ ਅਨੁਸਾਰ ਲੈਂਡ ਪੂਲਿੰਗ ਲੈਣ ਵਾਲੇ ਭੌਂ ਮਾਲਕਾਂ ਨੂੰ ਹੇਠ ਲਿਖੇ ਅਨੁਸਾਰ ਇਵਜ਼ੀ ਭੌਂ ਦਿੱਤੀ ਜਾਵੇਗੀ :


I) 968 ਵਰਗ ਗਜ਼ ਰਿਹਾਇਸ਼ੀ ਰਕਬਾ

II) 121 ਵਰਗ ਗਜ਼ ਵਪਾਰਕ ਰਕਬਾ ਜਿਸ ਵਿੱਚ ਗਰਾਊਂਡ ਕਵਰੇਜ਼ 50% ਅਤੇ ਐਫ.ਏ.ਆਰ 1.75% ਹੋਵੇਗੀ । ਵਪਾਰਕ ਸਾਈਟਾਂ ਸਕੀਮ ਵਿੱਚ ਪ੍ਰਵਾਨ ਕੀਤੇ ਗਏ ਨਾਰਮਜ਼ ਅਤੇ ਲੇਆਊਟ ਅਨੁਸਾਰ ਹੀ ਦਿੱਤੀਆਂ ਜਾਣਗੀਆਂ ।

3. ਲੈਂਡ ਪੂਲਿੰਗ ਸਕੀਮ ਵਿੱਚ ਭੌਂ ਐਕੁਆਇਰ ਕਰਕੇ ਅਤੇ ਭੌਂ ਮਾਲਕਾਂ ਦੇ ਕਬਜ਼ਾ ਲੈਣ ਉਪਰੰਤ , ਭੌਂ ਨੂੰ ਵਿਕਸਤ ਕਰਨ ਤੇ ਅਤੇ ਉਹਨਾਂ ਨੂੰ ਵਿਕਸਤ ਭੌਂ ਵਿੱਚੋਂ ਉਹਨਾਂ ਦਾ ਬਣਦੇ ਹਿੱਸੇ ਦਾ ਕਬਜ਼ਾ ਦੇਣ ਦੇ ਸਮੇਂ ਤੱਕ ਪ੍ਰਚਲਤ ਠੇਕੇ ਦੇ ਆਧਾਰ ਤੇ ਡੀ.ਸੀ. ਦੁਆਰਾ ਨਿਰਧਾਰਤ ਰੇਟਾਂ ਤੇ ਕੰਪਨਸੇਟ ਕਰਨ ਦੀ ਪ੍ਰਵਾਨਗੀ ।

4. ਕਿਉਂਕਿ ਇਹ ਇੱਕ ਬਹੁਤ ਵੱਡਾ ਪ੍ਰੋਜੈਕਟ ਹੋਵੇਗਾ , ਜਿਸ ਲਈ ਵਿੱਤੀ ਸਾਧਨ ਆਂਤਰਿਕ ਤੌਰ ਤੇ ਜੁਟਾ ਸਕਣਾ ਗਮਾਡਾ ਲਈ ਸੰਭਵ ਨਹੀਂ ਹੋ ਸਕੇਗਾ । ਇਸ ਲਈ ਇਸ ਮੰਤਵ ਲਈ ਵਿੱਤੀ ਸਾਧਨ ਜਟਾਉਣ ਲਈ ਵਿੱਘੀ ਸੰਸਥਾਵਾਂ ਤੋਂ ਕਰਜ਼ਾ ਲੈਣ ਦੀ ਸਿਧਾਂਤਕ ਪ੍ਰਵਾਨਗੀ । ਕਰਜ਼ਾ ਲੈਣ ਤੋਂ ਪਹਿਲਾਂ ਸਮੁੱਚੀ ਸਕੀਮ ਦੀ ਪ੍ਰਵਾਨਗੀ ਕਾਰਜ਼ਕਾਰੀ ਕਮੇਟੀ ਤੋਂ ਵੱਖਰੇ ਤੌਰ ਤੇ ਲਈ ਜਾਵੇਗੀ ।

5. ਜੇਕਰ ਕਿਸੇ ਸਟੇਜ ਤੇ ਇਸ ਪ੍ਰੋਜੈਕਟ ਵਿੱਚ ਕਿਸੇ ਫਾਈਨਾਂਸਲ ਕੰਸਲਟੈਂਟ ਨੂੰ ਨਿਯੁਕਤ ਕਰਨ ਦੀ ਲੋੜ ਪੈਂਦੀ ਹੈ , ਤਾਂ ਇਸ ਸਬੰਧੀ ਅਖਤਿਆਰ ਮੁੱਖ ਪ੍ਰਸ਼ਾਸ਼ਕ ਨੂੰ ਦੇਣ ਦੀ ਪ੍ਰਵਾਨਗੀ ।



1030 Acs. AREA PROPOSED FOR URBAN ESTATE, WATER TREATMENT PLANT AND KHARAR BYE PASS.
MULLANPUR
CHANDIGARH
ZIRAKPUR
KHARAR
BANUR
TO TEPLA
TO SIRHIND
TO PATIALA
LEGEND
PROJECT TITLE
MASTER PLAN DEVELOPMENT FOR GREATER MOHALI REGION
CLIENT
GREATER MOHALI AREA DEVELOPMENT AUTHORITY (GMADA)
SHEET TITLE
SAS NAGAR PLANNING AREA OVERALL LAND USE (YR 2031)

ਏਜੰਡਾ ਆਈਟਮ ਨੰ::-9.14
ਅਥਾਰਟੀ ਮੀਟਿੰਗ

ਵਿਸ਼ਾ: ਮੁੱਲਾਂਪੁਰ ਅਰਬਨ ਅਸਟੇਟ ਫੇਜ਼-।। ਅਤੇ ਹੈਲਥ ਫੈਸੀਲਟੀਜ਼ ਵਾਸਤੇ ਭੌਂ ਪ੍ਰਾਪਤ ਕਰਨ ਬਾਰੇ।

ਮੁੱਲਾਂਪੁਰ ਮਾਸਟਰ ਪਲੈਨ ਵਿੱਚ ਅਰਬਨ ਅਸਟੇਟ ਫੇਜ਼-। ਉਸਾਰਨ ਵਾਸਤੇ ਪਹਿਲਾਂ ਲਗਭੱਗ 450 ਏਕੜ ਰਕਬਾ ਐਕੁਆਇਰ ਕਰਨ ਸਬੰਧੀ ਕਾਰਵਾਈ ਅਰੰਭੀ ਹੋਈ ਹੈ । ਹੁਣ ਸਰਕਾਰ ਵੱਲੋਂ ਮੁੱਲਾਂਪੁਰ ਅਰਬਨ ਅਸਟੇਟ ਭਾਗ-।। , ਜਿਸਦਾ ਕਿ ਬਹੁਤਾ ਰਕਬਾ ਪਿੰਡ ਹੋਸ਼ਿਆਰਪੁਰ , ਮਾਜਰਾ ਅਤੇ ਤਕੀਪੁਰ ਦਾ ਆਉਂਦਾ ਹੈ , ਨੂੰ ਮੰਤਵ ਵਾਸਤੇ ਐਕੁਆਇਰ ਕਰਨ ਦਾ ਵਿਚਾਰ ਹੈ , ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਕੰਟਰੋਲ ਰੇਟ ਤੇ ਪਲਾਟ ਮੁਹੱਈਆ ਕਰਵਾਏ ਜਾ ਸਕਣ ।ਇਹ ਤਜਵੀਜ਼ ਕਈ ਵਾਰ ਸਰਕਾਰ ਪੱਧਰ ਤੇ ਪਹਿਲਾਂ ਵੀ ਵਿਚਾਰੀ ਗਈ ਹੈ । ਇਸ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਦੇ ਰਕਬੇ ਦੇ ਉੱਤਰ ਵੱਲ 200' ਚੌੜੀ ਸੜਕ ਅਤੇ ਉੱਤਰ-ਪਛਮ ਵੱਲ ਸਿਸਵਾਂ-ਕੁਰਾਲੀ ਸੜਕ ਪੈਂਦੀ ਹੈ । ਇਸ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਨੂੰ ਨਾਲ ਨੱਥੀ ਮਾਸਟਰ ਪਲੈਨ ਉੱਤੇ ਦਰਸਾ ਦਿੱਤਾ ਗਿਆ ਹੈ ।

2. ਉਪਰੋਕਤ ਤੋਂ ਇਲਾਵਾ ਸਰਕਾਰ ਦਾ ਇਹ ਵੀ ਵਿਚਾਰ ਹੈ ਕਿ ਕਿਉਂ ਜੋ ਮੁੱਲਾਂਪੁਰ ਦਾ ਏਰੀਆ ਭਵਿੱਖ ਵਿੱਚ ਬੜੀ ਤੇਜੀ ਨਾਲ ਵਿਕਸਤ ਹੋਵੇਗਾ । ਇਸ ਲਈ ਜੋ ਰਕਬਾ ਫੈਸਿਲਟੀਜ਼ ਵਾਸਤੇ ਮਾਸਟਰ ਪਲੈਨ ਵਿੱਚ ਤਜਵੀਜ਼ ਕੀਤਾ ਗਿਆ ਹੈ , ਨੂੰ ਵੀ ਐਕੁਆਇਰ ਕੀਤਾ ਜਾਵੇ , ਤਾਂ ਜੋ ਭਵਿੱਖ ਵਿੱਚ ਇਸ ਏਰੀਏ ਵਿੱਚ ਵੱਧ ਤੋਂ ਵੱਧ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ । ਇਸ ਰਕਬੇ ਵਿੱਚ ਬਹੁਤਾ ਰਕਬਾ ਪਿੰਡ ਫਿਰੋਜ਼ਪੁਰ ਦਾ ਪੈਂਦਾ ਹੈ । ਇਸ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਨੂੰ ਵੀ ਨਾਲ ਨੱਥੀ ਪਲੈਨ ਉੱਤੇ ਮਾਰਕ ਕੀਤਾ ਗਿਆ ਹੈ । ਇਸ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਵਿੱਚੋਂ ਅਰਬਨ ਅਸਟੇਟ ਦਾ ਰਕਬਾ ਲਗਭੱਗ 363 ਏਕੜ ਅਤੇ ਹੈਲਥ ਫੈਸੀਲਿਟੀ ਅਧੀਨ 80ਏਕੜ ਰਕਬਾ ਆਉਂਦਾ ਹੈ । ਅਜਿਹਾ ਕਰਨ ਨਾਲ ਕੁੱਲ ਰਕਬਾ 443.00 ਏਕੜ ਲੋੜੀਂਦਾ ਹੈ । 1.5 ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕੁੱਲ 664.5 ਕਰੋੜ ਰੁਪਏ ਦੀ ਲੋੜ ਹੋਵੇਗੀ ਅਤੇ ਇਸ ਦੇ ਵਿਕਾਸ ਕਾਰਜਾਂ ਵਾਸਤੇ 0.50 ਕਰੋੜ ਦੇ ਹਿਸਾਬ ਨਾਲ 221.5 ਕਰੋੜ ਰੁਪਏ ਲੋੜੀਂਦੇ ਹਨ, ਜੋ ਕੁੱਲ 886 ਕਰੋੜ ਹੋਣਗੇ ।

3. ਇਨ੍ਹਾਂ ਸੈਕਟਰਾਂ ਨੂੰ ਵਿਕਸਤ ਕਰਨ ਲਈ ਕੀਤੇ ਜਾਣ ਵਾਲੇ ਖਰਚੇ ਅਤੇ ਰੈਵੀਨਿਊ ਪ੍ਰਾਪਤੀ ਹੇਠ ਲਿਖੇ ਅਨੁਸਾਰ ਹੋਵੇਗਾ:-

100% ਭੌਂ ਪ੍ਰਾਪਤ ਕਰਨ ਦੀ ਸਥਿਤੀ ਵਿੱਚ (ੳ)

| ਲੜੀ ਨੰ: | ਖਰਚਾ (ਕਰੋੜਾਂ ਵਿੱਚ) | ਅਨੁਮਾਨਤ ਪ੍ਰਾਪਤੀ (ਕਰੋੜਾਂ ਵਿੱਚ ) | ਵਿਸ਼ੇਸ਼ਕਥਨ |
|---|---|---|---|
| 1. | 1) 443 ਏਕੜ ਭੌਂ ਪ੍ਰਾਪਤ ਕਰਨ ਲਈ = 664.5 @ 1.5 ਕਰੋੜ ਪ੍ਰਤੀ ਏਕੜ<br>2) 443 ਏਕੜ ਭੌਂ ਨੂੰ ਵਿਕਸਤ ਕਰਨ = 221.5 @ 0.5 ਕਰੋੜ ਰੁਪਏ ਪ੍ਰਤੀ ਏਕੜ।<br>3) ਮੇਨਟੀਨੈਂਸ ਚਾਰਜਿਜ਼@ 2.5% 27.68 ਪੰਜ ਸਾਲਾਂ ਲਈ ਵਿਕਾਸ ਕਾਰਜਾਂ ਦੇ ਖਰਚੇ ਲਈ<br>4) ਪ੍ਰਬੰਧਕੀ ਖਰਚੇ @ 10% 22.15 ਵਿਕਾਸ ਕਾਰਜਾਂ ਦੇ ਖਰਚੇ ਤੇ<br>5) ਢਾਈ ਸਾਲਾਂ ਲਈ 10%ਦਰ ਤੇ ਜ਼ਮੀਨ = 166.12 ਦੀ ਕੀਮਤ ਉਪਰ ਵਿਆਜ਼ | 1)ਰਿਹਾਇਸ਼ੀ ਮੰਤਵ ਲਈ 363 ਏਕੜ ਨੂੰ 12000/-ਰੁ ਪ੍ਰਤੀ ਵਰਗ ਗਜ਼ ਨਾਲ ਵੇਚਣ ਉਪਰੰਤ ਪ੍ਰਾਪਤੀ।<br>363×1936×12000 = 843.00 ਕਰੋੜ | ਅਨੁਮਾਨਤ ਪ੍ਰਾਪਤੀਆਂ ਵਿੱਚ ਜੋ ਕੀਮਤ ਲਈ ਗਈ ਹੈ , ਉਸ ਵਿੱਚ ਹੈਲਥ ਫੈਸਿਲਟੀ, ਇੰਸਟੀਚਿਊਸ਼ਨਲ,ਕਮਰਸ਼ੀਅਲ ਏਰੀਆ ਦਾ ਸੇਲਏਬਲ ਏਰੀਆ ਨਹੀਂ ਲਿਆ ਗਿਆ। |
| | ਕੁੱਲ ਖਰਚਾ = 1101.95 | ਪ੍ਰਾਪਤੀ = 843.00 | |

100% ਤੋਂ ਲੈਂਡ ਪੂਲਿੰਗ ਸਕੀਮ ਅਧੀਨ ਪ੍ਰਾਪਤ ਕਰਨ ਦੀ ਸਥਿਤੀ ਵਿੱਚ (ਅ)

| ਲੜੀ ਨੰ: | ਖਰਚਾ (ਕਰੋੜਾਂ ਵਿੱਚ) | ਅਨੁਮਾਨਤ ਪ੍ਰਾਪਤੀ (ਕਰੋੜਾਂ ਵਿੱਚ ) | ਵਿਸ਼ੇਸ਼ਕਥਨ |
|---|---|---|---|
| 1. | 1) 443 ਏਕੜ ਭੌਂ ਪ੍ਰਾਪਤ ਕਰਨ = ਨਿੱਲ ਵਾਸਤੇ ਭੌਂ ਮਾਲਕਾਂ ਵੱਲੋਂ 100 ਫੀਸਦੀ ਲੈਂਡ ਪੂਲਿੰਗ ਸਕੀਮ ਆਪਟ ਕੀਤੀ ਜਾਵੇਗੀ, ਜਿਸ ਕਾਰਨ ਭੌਂ ਪ੍ਰਾਪਤੀ ਤੇ ਕੋਈ ਖਰਚਾ ਨਹੀਂ ਆਵੇਗੀ<br>2)443ਏਕੜ ਭੌਂ ਨੂੰ ਵਿਕਸਤ ਕਰਨ = 221.5 ਲਈ @ 0.5% ਕਰੋੜ ਰੁਪਏ ਪ੍ਰਤੀਏਕੜ<br>3) ਮੇਨਟੀਨੈਂਸ ਚਾਰਜਿਜ਼@ 2.5% 27.68 ਪੰਜ ਸਾਲਾਂ ਲਈ ਵਿਕਾਸ ਕਾਰਜਾਂ ਦੇ ਖਰਚੇ ਲਈ<br>4) ਪ੍ਰਬੰਧਕੀ ਖਰਚੇ @ 2.5% 22.15 ਪ੍ਰਤੀ ਸਾਲ ਵਿਕਾਸ ਕਾਰਜਾਂ ਦੇ ਖਰਚੇ ਤੇ | 1. ਕੁੱਲ ਰਕਬਾ 443 ਏਕੜ<br>2. ਲੈਂਡ ਪੂਲਿੰਗ ਅਧੀਨ ਰਕਬਾ 222 ਏਕੜ<br>3. ਬਾਕੀ ਬਚਦਾ ਰਕਬਾ 221 ਏਕੜ<br>4. ਹੈਲਥ ਫਸਿਲਟੀ ਅਧੀਨ ਰਕਬਾ 80 ਏਕੜ<br>5. ਵੇਚਣ ਯੋਗ ਰਕਬਾ 141 ਏਕੜ<br>141×1936×12000 = 328.00 ਕਰੋੜ | ਅਨੁਮਾਨਤ ਪ੍ਰਾਪਤੀਆਂ ਵਿੱਚ ਜੋ ਕੀਮਤ ਲਈ ਗਈ ਹੈ , ਉਸ ਵਿੱਚ ਹੈਲਥ ਫੈਸਿਲਟੀ, ਇੰਸਟੀਚਿਊਸ਼ਨਲ,ਕਮਰਸ਼ੀਅਲ ਏਰੀਆ ਦਾ ਸੇਲਏਬਲ ਏਰੀਆ ਨਹੀਂ ਲਿਆ ਗਿਆ। |
| | ਕੁੱਲ ਖਰਚਾ = 271.33 | ਪ੍ਰਾਪਤੀ = 328.00 | |

4. ਗਮਾਡਾ ਵੱਲੋਂ ਜੋ ਵੀ ਜ਼ਮੀਨ ਵਿਕਾਸ ਵਾਸਤੇ ਕਿਸਾਨਾਂ ਤੋਂ ਪ੍ਰਾਪਤ ਕੀਤੀ ਜਾਣੀ ਹੈ , ਉਸ ਵਿੱਚ ਲੈਂਡ ਪੂਲਿੰਗ ਦਿੱਤੀ ਜਾਣੀ ਹੈ । ਹਾਲ ਹੀ ਵਿੱਚ ਐਰੋਸਿਟੀ ਦੀ ਭੌਂ ਪ੍ਰਾਪਤੀ ਕਰਨ ਵੇਲੇ ਵੀ ਲੈਂਡ ਪੂਲਿੰਗ ਸਕੀਮ ਦਿੱਤੀ ਗਈ ਸੀ ਅਤੇ ਭਵਿੱਖ ਵਿੱਚ ਮੁੱਲਾਂਪੁਰ ਅਰਬਨ ਅਸਟੇਟ ਲਈ ਰਕਬਾ ਐਕੁਆਇਰ ਕਰਨ ਵਾਸਤੇ ਵੀ ਇਸਦੀ ਤਜਵੀਜ਼ ਹੈ ।

5. ਉਪਰੋਕਤ ਸਕੀਮ ਨੂੰ ਲਾਗੂ ਕਰਨ ਵਾਸਤੇ 1.50 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ 664.5ਕਰੋੜ ਰੁਪਏ ਦੀ ਰਾਸ਼ੀ ਭੌਂ ਵਾਸਤੇ ਲੋੜੀਂਦੀ ਹੋਵੇਗੀ ਅਤੇ 50ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਵਿਕਾਸ ਕਾਰਜਾਂ ਵਾਸਤੇ 221.5ਕਰੋੜ ਦੀ ਰਾਸ਼ੀ ਚਾਹੀਦੀ ਹੋਵੇਗੀ ਅਤੇ ਮੇਨਟੀਨੈਂਸ ਚਾਰਜਿਜ਼ ਅਤੇ ਐਡਮਨਿਸਟਰੇਟਿਵ ਚਾਰਜਿਜ਼ ਅਤੇ ਢਾਈ ਸਾਲਾਂ ਦੇ ਵਿਆਜ਼ ਨੂੰ ਧਿਆਨ ਵਿੱਚ ਰੱਖਦੇ ਹੋਏ 215.95 ਕਰੋੜ ਰੁਪਏ ਚਾਹੀਦੀ ਹੋਵੇਗੀ । ਇਸ ਤਰ੍ਹਾਂ ਇਹ ਕੁੱਲ ਰਾਸ਼ੀ 1101.95 ਕਰੋੜ ਬਣਦੀ ਹੈ , ਜਿਸ ਦਾ ਅਥਾਰਟੀ ਵੱਲੋਂ ਅਪਣੇ ਸਾਧਨਾਂ ਵਿੱਚੋਂ ਉਪਬੰਧ ਕਰਨਾ ਪਵੇਗਾ ਪਰ ਗਮਾਡਾ ਪਾਸ ਇਸ ਵੇਲੇ ਇੰਨੀ ਵੱਡੀ ਰਕਮ ਉਪਲਬਧ ਨਾਂ ਹੋਣ ਕਾਰਨ ਬੈਂਕ ਜਾਂ ਕਿਸੇ ਹੋਰ ਵਿੱਤੀ ਅਦਾਰਿਆਂ ਤੋਂ ਕਰਜ਼ਾ ਲੈਣਾ ਪਵੇਗਾ । ਪਰੰਤੂ ਜੇਕਰ ਇਸ ਸਕੀਮ ਵਿੱਚ ਲੈਂਡ ਪੂਲਿੰਗ ਸਕੀਮ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਅਥਾਰਟੀ ਦਾ ਨਕਦ ਮੁਆਵਜ਼ਾ ਦੇਣ ਵਾਲੀ ਰਾਸ਼ੀ ਕਾਫੀ ਘੱਟ ਜਾਵੇਗੀ । ਜਿਵੇਂ ਕਿ ਐਰੋਸਿਟੀ ਦੇ ਕੇਸ ਵਿੱਚ ਲੈਂਡ ਪੂਲਿੰਗ ਸਕੀਮ ਮੁਹੱਈਆ ਕਰਵਾਈ ਗਈ ਹੈ , ਉਸ ਵੇਲੇ ਬਹੁਤੀ ਪੋਪੁਲਰ ਨਾਂ ਹੋਣ ਕਰਕੇ ਹੁਣ ਵੀ ਇਸ ਸਕੀਮ ਵਾਸਤੇ ਕਾਫੀ ਲੋਕ ਪੁੱਛਗਿੱਛ ਕਰ ਰਹੇ ਹਨ । ਉਮੀਦ ਹੈ ਕਿ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਵਿੱਚੋਂ ਅੱਧੀ ਭੌਂ ਦੇ ਮਾਲਕ ਇਸ ਸਕੀਮ ਨੂੰ ਆਪਟ ਕਰਨਗੇ , ਜਿਸ ਨਾਲ ਮੁਆਵਜ਼ਾ ਦੇਣ ਦੀ ਰਕਮ ਕਾਫੀ ਘੱਟ ਜਾਵੇਗੀ । ਬੈਂਕਾਂ ਤੋਂ ਵਿੱਤੀ ਸੰਸਥਾਂਵਾਂ ਤੋਂ ਕਰਜ਼ਾ ਲੈਣ ਵਾਸਤੇ ਅਥਾਰਟੀ ਨੂੰ ਅਪਣੇ ਵੱਲੋਂ ਲਗਭੱਗ 25ਪ੍ਰਤੀਸ਼ਤ ਫੰਡਜ਼ ਜੁਟਾਨੇ ਹੋਣਗੇ ਜੋ ਕਿ ਮੌਜੂਦਾ ਫੰਡਜ਼ ਜਾਂ ਵਿਕਸਤ ਕੀਤੇ ਜਾਣ ਵਾਲੇ ਪਲਾਟਾਂ ਦੀ ਸ਼ਕੀਮ ਲਾਂਚ ਕਰਕੇ ਪੂਰੇ ਕੀਤੇ ਜਾ ਸਕਦੇ ਹਨ ।

6. ਵਿਕਾਸ ਕਾਰਜਾਂ ਤੇ ਇਸ ਸਮੇਂ ਦੇ ਰੇਟਾਂ ਅਨੁਸਾਰ ਅੰਦਾਜਨ 50ਲੱਖ ਰੁਪਏ ਪ੍ਰਤੀ ਏਕੜ ਖਰਚਾ ਆਉਣ ਦਾ ਅੰਦਾਜਾ ਹੈ । ਇਸ ਲਈ ਨਕਦ ਅਦਾਇਗੀ ਲਈ ਦਿੱਤੇ ਜਾਣ ਵਾਲਾ ਮੁਆਵਜਾ ਅਤੇ ਵਿਕਾਸ ਕਾਰਜਾਂ ਦੇ ਖਰਚੇ ਲਈ ਫੰਡਾਂ ਦਾ

ਇੰਤਜਾਮ ਕਰਨ ਲਈ ਗਮਾਡਾ ਨੂੰ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਤੋਂ ਕਰਜ਼ਾ ਲੈਣ ਦੀ ਕਾਰਵਾਈ ਕਰਨੀ ਪਵੇਗੀ । ਮੁਆਵਜ਼ੇ ਦੀ ਕਿੰਨੀ ਰਕਮ ਨਕਦ ਰੂਪ ਵਿੱਚ ਦਿੱਤੀ ਜਾਣੀ ਹੈ , ਦਾ ਪਤਾ ਲਗਾਉਣ ਲਈ ਭੌਂ ਮਾਲਕਾਂ ਤੋਂ ਸਹਿਮਤੀਆਂ ਮੰਗਣ ਦੀ ਤਜਵੀਜ਼ ਹੈ । ਇਸ ਉਪਰੰਤ ਹੀ ਕਰਜ਼ਾ ਲੈਣ ਦੀ ਪ੍ਰਤੀਕ੍ਰਿਆ ਸੁਰੂ ਕੀਤੀ ਜਾ ਸਕਦੀ ਹੈ , ਜਿਸ ਲਈ ਕਿਸੇ ਫਾਇਨੈਂਸ਼ੀਅਲ ਸਲਾਹਕਾਰ ਦੀ ਨਿਯੁਕਤੀ ਜਾਂ ਕਿਸੇ ਕੰਸਲਟੈਂਟ ਅਜੰਸੀ ਦੀਆਂ ਸੇਵਾਵਾਂ ਲੈਣੀਆਂ ਜ਼ਰੂਰੀ ਹਨ । ਇਸ ਬਾਰੇ ਯੋਗ ਫੈਸਲਾ ਲੈਣ ਦੇ ਅਧਿਕਾਰ ਮੁੱਖ ਪ੍ਰਸ਼ਾਸ਼ਕ,ਗਮਾਡਾ ਜੀ ਨੂੰ ਦੇਣ ਦੀ ਤਜਵੀਜ਼ ਹੈ ।

7. ਬੈਂਕ ਤੇ ਹੋਰ ਵਿੱਤੀ ਸੰਸਥਾਂਵਾਂ ਤੋਂ ਮੌਜੂਦਾ ਪ੍ਰਾਪਰਟੀ ਜਾਂ ਵਿਸ਼ੇ ਅਧੀਨ ਭੌਂ ਵਿਰੁੱਧ ਕਰਜ਼ਾ ਲੈਣ ਲਈ ਸ਼ਰਤਾਂ ਅਤੇ ਵਿਆਜ ਦੀ ਦਰ ਬਾਰੇ ਨੈਗੋਸੀਏਸ਼ਨ ਕਰਨ ਲਈ ਤਿੰਨ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਨ ਅਤੇ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਂਵਾਂ ਤੋਂ ਕਰਜ਼ਾ ਲੈਣ ਲਈ ਉਨ੍ਹਾਂ ਨਾਲ ਲੋੜੀਂਦੀਆਂ ਕਾਰਵਾਈਆਂ ਕਰਨ ਅਤੇ ਹੋਰ ਨਿਰਧਾਰਤ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਅਤੇ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਹਸਤਾਖਰ ਕਰਨ ਦੇ ਅਧਿਕਾਰ ਵੀ ਮੁੱਖ ਪ੍ਰਸ਼ਾਸ਼ਕ , ਗਮਾਡਾ ਜੀ ਨੂੰ ਦੇਣ ਦੀ ਤਜਵੀਜ਼ ਹੈ ।

8. ਉਪੱਰੋਕਤ ਅਨੁਸਾਰ ਮਾਮਲਾ ਅਥਾਰਟੀ ਅੱਗੇ ਵਿਚਾਰਨ ਅਤੇ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਲਈ ਪੇਸ਼ ਹੈ :

1. ਅਜੰਡੇ ਵਿੱਚ ਦਿੱਤੀ ਗਈ ਤਜਵੀਜ਼ ਅਨੁਸਾਰ ਮੁੱਲਾਂਪੁਰ ਅਰਬਨ ਅਸਟੇਟ ਫੇਜ਼-।। ਅਤੇ ਹੈਲਥ ਫੈਸੀਲਟੀਜ਼ ਵਾਸਤੇ ਭੌਂ ਪ੍ਰਾਪਤ ਕਰਨ ਬਾਰੇ ਪ੍ਰਾਪਤੀ ਦੀ ਪ੍ਰਵਾਨਗੀ । ਜਿਸ ਉਪਰੰਤ ਸਰਕਾਰ ਨੂੰ ਉਕਤ ਭੌਂ ਸਬੰਧੀ ਭੌਂ ਪ੍ਰਾਪਤੀ ਐਕਟ ਦੀ ਧਾਰਾ 4 ਅਧੀਨ ਨੋਟੀਫੀਕੇਸ਼ਨ ਕਰਨ ਲਈ ਬੇਨਤੀ ਕੀਤੀ ਜਾਵੇਗੀ ।
2. ਭੌਂ ਪ੍ਰਾਪਤੀ ਵਿੱਚ ਕਿਸਾਨਾਂ ਨੂੰ ਲੈਂਡ ਪੂਲਿੰਗ ਸਕੀਮ ਅਤੇ ਕੈਸ਼ ਮੁਆਵਜ਼ਾ ਦੋਨਾਂ ਦੀ ਉਪਸ਼ਨ ਦਿੱਤੀ ਜਾਵੇਗੀ । ਜਿਵੇਂ ਪਿਛਲੇ ਕੇਸਾਂ ਵਿੱਚ ਕੈਬਿਨਟ ਸਬ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਹੈ, ਉਸੇ ਅਨੁਸਾਰ ਲੈਂਡ ਪੂਲਿੰਗ ਲੈਣ ਵਾਲੇ ਭੌਂ ਮਾਲਕਾਂ ਨੂੰ ਹੇਠ ਲਿਖੇ ਅਨੁਸਾਰ ਇਵਜ਼ੀ ਭੌਂ ਦਿੱਤੀ ਜਾਵੇਗੀ :


   ।) 968 ਵਰਗ ਗਜ਼ ਰਿਹਾਇਸ਼ੀ ਰਕਬਾ

11) 121 ਵਰਗ ਗਜ਼ ਵਪਾਰਕ ਰਕਬਾ ਜਿਸ ਵਿੱਚ ਗਰਾਊਂਡ ਕਵਰੇਜ਼ 50% ਅਤੇ ਐਫ.ਏ.ਆਰ 1.75% ਹੋਵੇਗੀ । ਵਪਾਰਕ ਸਾਈਟਾਂ ਸਕੀਮ ਵਿੱਚ ਪ੍ਰਵਾਨ ਕੀਤੇ ਗਏ ਨਾਰਮਜ਼ ਅਤੇ ਲੇਆਊਟ ਅਨੁਸਾਰ ਹੀ ਦਿੱਤੀਆਂ ਜਾਣਗੀਆਂ ।

3. ਲੈਂਡ ਪੂਲਿੰਗ ਸਕੀਮ ਵਿੱਚ ਭੌਂ ਐਕੁਆਇਰ ਕਰਕੇ ਅਤੇ ਭੌਂ ਮਾਲਕਾਂ ਦੇ ਕਬਜ਼ਾ ਲੈਣ ਉਪਰੰਤ , ਭੌਂ ਨੂੰ ਵਿਕਸਤ ਕਰਨ ਤੇ ਅਤੇ ਉਹਨਾਂ ਨੂੰ ਵਿਕਸਤ ਭੌਂ ਵਿੱਚੋਂ ਉਹਨਾਂ ਦਾ ਬਣਦੇ ਹਿੱਸੇ ਦਾ ਕਬਜ਼ਾ ਦੇਣ ਦੇ ਸਮੇਂ ਤੱਕ ਪ੍ਰਚਲਤ ਠੇਕੇ ਦੇ ਆਧਾਰ ਤੇ ਡੀ.ਸੀ. ਦੁਆਰਾ ਨਿਰਧਾਰਤ ਰੇਟਾਂ ਤੇ ਕੰਪਨਸੇਟ ਕਰਨ ਦੀ ਪ੍ਰਵਾਨਗੀ ।

4. ਕਿਉਂਕਿ ਇਹ ਇੱਕ ਬਹੁਤ ਵੱਡਾ ਪ੍ਰੋਜੈਕਟ ਹੋਵੇਗਾ , ਜਿਸ ਲਈ ਵਿੱਤੀ ਸਾਧਨ ਆਂਤਰਿਕ ਤੌਰ ਤੇ ਜੁਟਾ ਸਕਣਾ ਗਮਾਡਾ ਲਈ ਸੰਭਵ ਨਹੀਂ ਹੋ ਸਕੇਗਾ । ਇਸ ਲਈ ਇਸ ਮੰਤਵ ਲਈ ਵਿੱਤੀ ਸਾਧਨ ਜਟਾਉਣ ਲਈ ਵਿੱਘੀ ਸੰਸਥਾਵਾਂ ਤੋਂ ਕਰਜ਼ਾ ਲੈਣ ਦੀ ਸਿਧਾਂਤਕ ਪ੍ਰਵਾਨਗੀ । ਕਰਜ਼ਾ ਲੈਣ ਤੋਂ ਪਹਿਲਾਂ ਸਮੁੱਚੀ ਸਕੀਮ ਦੀ ਪ੍ਰਵਾਨਗੀ ਕਾਰਜ਼ਕਾਰੀ ਕਮੇਟੀ ਤੋਂ ਵੱਖਰੇ ਤੌਰ ਤੇ ਲਈ ਜਾਵੇਗੀ ।

5. ਜੇਕਰ ਕਿਸੇ ਸਟੇਜ ਤੇ ਇਸ ਪ੍ਰੋਜੈਕਟ ਵਿੱਚ ਕਿਸੇ ਫਾਈਨਾਂਸਲ ਕੰਸਲਟੈਂਟ ਨੂੰ ਨਿਯੁਕਤ ਕਰਨ ਦੀ ਲੋੜ ਪੈਂਦੀ ਹੈ , ਤਾਂ ਇਸ ਸਬੰਧੀ ਅਖਤਿਆਰ ਮੁੱਖ ਪ੍ਰਸ਼ਾਸ਼ਕ ਨੂੰ ਦੇਣ ਦੀ ਪ੍ਰਵਾਨਗੀ ।


80.00 Acs. AREA
PROPOSED FOR
HEALTH CITY
363.00 Acs. AREA
PROPOSED FOR
URBAN ESTATE PHASE - II
TO SISWAN
METRO TO BADDI (TENTATIVE)
TO GMADA EXPRESSWAY / ANANDPUR SAHIB
TO ANANDPURSAHIB
PR-13
MDR C
TO SIRHIND
MDR B - TO CHANDIGARH
PR-4
TO SAS NAGAR
PR-6
TO SAS NAGAR
SULTANPUR
MAJRA
HOSHIARPUR
PAROL
FEROZPUR
DEFENSE ZONE
SANGRIWALA
MULLANPUR
BHARAUJIAN
DEVINAGAR
TARAPUR
RAJGARH
KHTARPUR
KANSALA
SALAMATPUR
RASULPUR & DHODE MAJRA
RATWARA
PAINTPUR
MILAK
MASTGARH
DHANAURAN
CHAHAR MAJRA
SAINI MAJRA
BOOTHGARH
GHANDAULI
RANI MAJRA
BANSEPUR
SANGALAN
BHAGAT MAJRA
TOGAN
TIRA
PALHERI
RAHAMANPUR
LEGEND
MULLANPUR BOUNDARY
RESIDENTIAL
MIXED USE
HEALTH & MEDICAL CARE
CIVIC & COMMUNITY INSTITUTION
EDUCATIONAL INSTITUTION
RURAL & AGRICULTURE
FOREST AND OPEN SPACE
SHIVALIK HILLS
PARK
100 metres BUFFER ZONE
TRANSPORT FACILITIES
WATERBODY
RIVER RESERVE
SPORTS & RECREATION
EXISTING VILLAGE
EXISTING BUILTUP
ROAD
PROPOSED METRO LINE
UTILITIES
DEPARTMENT OF
TOWN & COUNTRY PLANNING, PUNJAB
Drawing No
Dated
D T P (SAS NAGAR)
S T P (SAS NAGAR)
C T P (PUNJAB)
CLIENT
GREATER MOHALI AREA
DEVELOPMENT AUTHORITY
(GMADA)
CONSULTANT FOR MASTER PLAN
JURONG Consultants Pte Ltd
SHEET TITLE
MULLANPUR PLANNING AREA
PROPOSED LAND USE (YR 2008-2031)
PLANNER
CHECKED
DRAWN
SCALE 1 20 000 (A1)
DATE
VERSION
PLAN PROPOSED LANDUSE PLAN
0
0.5
1.0
1.5 Km

ਗ੍ਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ, ਐਸ.ਏ.ਐਸ. ਨਗਰ।

ਅਜੰਡਾ ਆਈਟਮ ਨੰ: 9.15

(ਅਥਾਰਟੀ ਮੀਟਿੰਗ)

ਵਿਸ਼ਾ:- ਮੋਹਾਲੀ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ।

ਪੰਜਾਬ ਦੇ ਪਿੰਡਾਂ ਦੇ ਵਸਨੀਕਾਂ ਨੂੰ ਸਾਫ ਵਾਤਾਵਰਣ ਮੁਹੱਈਆ ਕਰਵਾਉਣ ਦੇ ਪ੍ਰੋਗਰਾਮ ਅਧੀਨ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06-09-2010 ਨੂੰ ਹੋਈ ਮੀਟਿੰਗ ਦੌਰਾਨ ਇਹ ਨੋਟ ਕੀਤਾ ਗਿਆ ਕਿ ਕਾਫੀ ਸਾਰੇ ਪਿੰਡ ਮੋਹਾਲੀ ਸਹਿਰੀ ਮਿਲਖ ਵਿੱਚ ਜਾਂ ਉਸ ਦੇ ਨਜਦੀਕ ਪੈਂਦੇ ਹਨ, ਇਹਨਾ ਪਿੰਡਾਂ ਨੂੰ ਵੀ ਸਹਿਰਾਂ ਵਾਂਗ ਆਧੁਨਿਕ ਸਹੂਲਤਾਂ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ , ਪੱਕੀਆਂ ਗਲੀਆਂ, ਸਟਰੀਟ ਲਾਈਟਾਂ ਆਦਿ, ਜਿਥੋਂ ਤੱਕ ਸੰਭਵ ਹੋਣ, ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਸਬੰਧੀ ਪਿੰਡਾਂ ਦੇ ਵਿਕਾਸ ਕਰਨ ਦੀ ਸਕੀਮ ਤਿਆਰ ਕਰਨ ਦਾ ਕੰਮ ਗਮਾਡਾ ਨੂੰ ਸੌਂਪਿਆ ਗਿਆ। ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਮੋਹਾਲੀ ਦੇ ਨਾਲ ਲਗਦੇ ਪਿੰਡਾਂ ਵਿੱਚ ਅੰਦਰੂਨੀ ਸੜਕਾਂ ਦਾ ਕੰਮ ਪੰਚਾਇਤੀ ਰਾਜ ਵਿਭਾਗ ਵੱਲੋਂ, ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵੱਲੋਂ ਅਤੇ ਪਿੰਡਾਂ ਦੀਆਂ ਬਾਹਰਲੀਆਂ ਫਿਰਨੀਆਂ ਦੇ ਵਿਕਾਸ ਦਾ ਕੰਮ ਗਮਾਡਾ ਵੱਲੋਂ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਸ ਸਬੰਧੀ ਵਿਕਾਸ ਕੰਮਾਂ ਤੇ ਹੋਣ ਵਾਲੇ ਖਰਚੇ ਲਈ ਫੰਡਜ ਗਮਾਡਾ ਵੱਲੋਂ ਕੇਸ ਟੂ ਕੇਸ ਬੇਸਿਸ ਤੇ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 49(2) (ਡੀ.) ਅਨੁਸਾਰ ਸਰਕਾਰ ਦੀ ਮੰਨਜੂਰੀ ਲੈਣ ਉਪਰੰਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਕੁਝ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਪ੍ਰਾਪਤ ਹੋ ਚੁੱਕੇ ਹਨ ਜਿਹਨਾਂ ਦੀ ਪ੍ਰਵਾਨਗੀ ਪਹਿਲਾਂ ਹੀ ਮਾਣਯੋਗ ਮੁੱਖ ਮੰਤਰੀ ਪੰਜਾਬ ਜੀ ਤੋਂ ਪ੍ਰਵਾਨਗੀ ਲੈਣ ਉਪਰੰਤ ਸਬੰਧਤ ਵਿਭਾਗ ਨੂੰ ਜਾਰੀ ਕਰ ਦਿੱਤੀ ਗਈ ਹੈ ਅਤੇ ਉਹਨਾ ਵਿੱਚੋਂ ਹੇਠਾਂ ਦਿੱਤੀ ਡੀਟੇਲ ਅਨੁਸਾਰ ਫੰਡਜ ਸਬੰਧਤ ਵਿਭਾਗਾਂ ਨੂੰ ਪਹਿਲਾਂ ਹੀ. ਜਾਰੀ ਕੀਤੇ ਜਾ ਚੁੱਕੇ ਹਨ ਅਤੇ ਉਹਨਾਂ ਨੂੰ ਇਹ ਲਿਖਿਆ ਜਾ ਚੁੱਕਾ ਹੈ ਕਿ ਇਹਨਾ ਕੰਮਾਂ ਦੇ ਤਖਮੀਨਿਆਂ ਦੀ ਪ੍ਰਸਾਸਕੀ ਅਤੇ ਤਕਨੀਕੀ ਪ੍ਰਵਾਨਗੀ ਆਪਣੇ ਵਿਭਾਗ ਦੇ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਕੇ ਗਮਾਡਾ ਨੂੰ ਸੂਚਿਤ ਕੀਤਾ ਜਾਵੇ ਅਤੇ ਕੰਮ ਸੁਰੂ ਕਰਵਾਉਣ ਉਪਰੰਤ ਇਹਨਾ ਕੰਮਾਂ ਲਈ ਪਹਿਲਾਂ ਜਾਰੀ ਕੀਤੇ ਫੰਡਜ ਦੇ ਯੂਟੀਲਾਈਜੇਸਨ

ਸਰਟੀਫਿਕੇਟ ਗਮਾਡਾ ਨੂੰ ਭੇਜੇ ਜਾਣ ਜਿਸ ਉਪਰੰਤ ਇਹਨਾ ਕੰਮਾਂ ਲਈ ਲੋੜੀਂਦੇ ਫੰਡਜ ਪ੍ਰਗਤੀ ਨੂੰ ਵਾਚਦੇ ਹੋਏ ਕਿਸਤਾਂ ਵਿੱਚ ਜਾਰੀ ਕੀਤੇ ਜਾ ਸਕਣ:-

( ਰਕਮ ਲੱਖ ਰੁਪਏ ਵਿੱਚ)

| ਲੜੀ ਨੰ: | ਪਿੰਡ ਦਾ ਨਾਂ | ਵ/ਸ ਅਤੇ ਸੈਨੀਟੇਸ਼ਨ ਵਿਭਾਗ | | | | ਪੰਚਾਇਤੀ ਰਾਜ ਵਿਭਾਗ | | ਕੁਲ ਜੋੜ |
|---|---|---|---|---|---|---|---|---|
| | | ਸੀਵਰੇਜ ਸਕੀਮ | | ਵ/ਸ ਸਕੀਮ | | ਗਲੀਆਂ ਨਾਲੀਆਂ ਪੱਕੀਆਂ ਕਰਨੀਆਂ | | |
| | | ਲਾਗਤ | ਜਾਰੀ ਫੰਡਜ | ਲਾਗਤ | ਜਾਰੀ ਫੰਡਜ | ਲਾਗਤ | ਜਾਰੀ ਫੰਡਜ | |
| 1 | ਚਾਚੂ ਮਾਜਰਾ | 30.00 | 07.50 | -- | -- | 15.00 | 4.00 | 45.00 |
| 2 | ਬਾਕਰਪੁਰ | 85.00 | 22.00 | -- | -- | 83.57 | 21.00 | 168.57 |
| 3. | ਸੋਹਾਣਾ | 221.60 | 55.00 | 157.98 | -- | 150.81 | 37.00 | 530.39 |
| 4. | ਲਖਨੌਰ | 66.80 | 16.00 | 48.25 | -- | 115.00 | 27.00 | 230.05 |
| 5. | ਚਿੱਲਾ | 130.44 | | 42.89 | | 40.92 | 10.00 | 214.25 |
| 6. | ਮੌਲੀ ਬੈਦਵਾਨ | 260.61 | -- | 60.65 | -- | 99.00 | 25.00 | 420.26 |
| | ਕੁਲ ਜੋੜ | | | | | | | 1608.52 |

ਉਪਰੋਕਤ ਤੋਂ ਇਲਾਵਾ ਪਿੰਡ ਕੁੰਭੜਾ ਅਤੇ ਕੰਬਾਲੀ ਦੀਆਂ ਅੰਦਰੂਨੀ ਸੜਕਾਂ ਨੂੰ ਪੱਕਾ ਕਰਨ ਅਤੇ ਸਾਈਡ ਡਰੇਨਾਂ ਬਣਾਉਣ ਦਾ ਤਖਮੀਨਾ ਪੰਚਾਇਤੀ ਰਾਜ ਵਿਭਾਗ ਤੋਂ 108.84 ਲੱਖ ਰੁਪਏ ਅਤੇ 72.73 ਲੱਖ ਰੁਪਏ ਦੀ ਅੰਦਾਜਨ ਲਾਗਤ ਨਾਲ ਪ੍ਰਾਪਤ ਹੋਇਆ ਸੀ। ਇਹਨਾਂ ਕੰਮਾਂ ਲਈ ਪੰਜਾਬ ਰਿਜਨਲ ਅਤੇ ਟਾਊਨ ਪਲੈਨਿੰਗ ਅਤੇ ਡਿਵੈਲਪਮੈਂਟ ਐਕਟ 1995 ਦੀ ਧਾਰਾ 49(2) (ਡੀ) ਅਧੀਨ ਫੰਡਜ ਗਮਾਡਾ ਵੱਲੋਂ ਜਾਰੀ ਕਰਨ ਲਈ ਮਾਣਯੋਗ ਮੁੱਖ ਮੰਤਰੀ ਪੰਜਾਬ ਜੀ ਤੋਂ ਬਤੌਰ ਮੰਤਰੀ ਇੰਚਾਰਜ ਪ੍ਰਵਾਨਗੀ ਲੈ ਲਈ ਗਈ ਸੀ ਅਤੇ ਉਸ ਅਨੁਸਾਰ ਪਹਿਲੀ ਕਿਸਤ ਵੱਜੋਂ ਕ੍ਰਮਵਾਰ 27.00 ਲੱਖ ਅਤੇ 18.00 ਲੱਖ ਰੁਪਏ ਪੰਚਾਇਤੀ ਰਾਜ ਵਿਭਾਗ ਨੂੰ ਜਾਰੀ ਕੀਤੇ ਜਾ ਚੁੱਕੇ ਹਨ। ਇਸ ਸਬੰਧੀ ਅਥਾਰਿਟੀ ਦੀ ਮਿਤੀ: 16-11-10 ਨੂੰ ਹੋਈ 8ਵੀਂ ਮੀਟਿੰਗ ਵਿੱਚ ਮੱਦ ਨੰ: 8.11 ਅਧੀਨ ਅਜੰਡਾ ਕਾਰਜਬਾਅਦ ਪ੍ਰਵਾਨਗੀ ਲਈ ਪੇਸ ਕੀਤਾ ਗਿਆ ਸੀ ਜੋ ਕਿ ਅਥਾਰਿਟੀ ਵੱਲੋਂ ਪ੍ਰਵਾਨ ਕਰ ਦਿੱਤਾ ਗਿਆ ਸੀ। ਇਹ ਅਥਾਰਿਟੀ ਦੀ ਜਾਣਕਾਰੀ ਹਿੱਤ ਪੇਸ ਹੈ ਜੀ ਅਤੇ ਇਹਨਾਂ ਦੋ ਪਿੰਡਾਂ ਕੁੰਭੜਾ ਅਤੇ ਕੰਬਾਲੀ ਤੋਂ ਇਲਾਵਾ ਬਾਕੀ ਪਿੰਡਾਂ ਸਬੰਧੀ ਪਹਿਲਾਂ ਕਰਵਾਈਆਂ ਪ੍ਰਵਾਨਗੀਆਂ ਦੀ ਕਾਰਜ ਬਾਅਦ

ਮੰਨਜ਼ੂਰੀ ਪ੍ਰਾਪਤ ਕਰਨ ਲਈ ਇਹ ਅਜੰਡਾ ਗਮਾਡਾ ਦੀ ਅਥਾਰਿਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਲਈ ਪੇਸ਼ ਹੈ ਜੀ।

ਅਜੰਡਾ ਆਈਟਮ ਨੰ: 9./6
ਅਥਾਰਿਟੀ

ਵਿਸ਼ਾ:- ਡਿਵੈਲਪਮੈਂਟ ਐਂਡ ਇੰਪਲੀਮੈਂਟੇਸ਼ਨ ਆਫ ਈ-ਗਵਰਨੈਂਸ ਇਨ ਗਮਾਡਾ।

ਪੰਜਾਬ ਸਰਕਾਰ ਸਾਰੇ ਸਰਕਾਰੀ ਦਫਤਰਾਂ ਬੋਰਡ ਕਾਰਪੋਰੇਸ਼ਨਾਂ ਦੇ ਕੰਮ ਨੂੰ ਕੰਪਿਊਟਰਾਈਜ਼ਡ ਕਰਨ ਵਾਸਤੇ ਜ਼ੋਰ ਪਾਇਆ ਜਾ ਰਿਹਾ ਹੈ। ਇਹ ਮਾਮਲਾ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਮੰਥਲੀ ਰਵੀਓ ਮੀਟਿੰਗ ਦੌਰਾਨ ਸਮੇਂ-2 ਤੇ ਵਿਚਾਰਿਆ ਜਾਂਦਾ ਰਿਹਾ ਹੈ। ਮਿਤੀ 14-9-10 ਨੂੰ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸੂਚਿਤ ਕੀਤਾ ਗਿਆ ਸੀ ਕਿ ਗਲਾਡਾ ਨੇ ਉਨ੍ਹਾਂ ਦੇ ਅਥਾਰਿਟੀ ਦੇ ਕੰਮ ਨੂੰ ਕੰਪਿਊਟਰਾਈਜ਼ਡ ਕਰਨ ਵਾਸਤੇ ਮੈਸ: ਈ. ਕੂਨੈਕਟ ਨੂੰ ਨਿਯੁਕਤ ਕੀਤਾ ਗਿਆ ਹੈ। ਜਿਸ ਵੱਲੋਂ ਹੇਠ ਲਿਖੇ ਮਡਿਊਲਡ ਤਿਆਰ ਕੀਤੇ ਜਾਣੇ ਹਨ:-

1. Detail of Land Acquisitions.
2. Land Management.
3. Sale of Property, Financial management and MIS.
4. Single Window System.
5. Detail of Licensed colonies and their payment Schedule.
6. Establishment Management System.
7. Project detail of ongoing works.
8. Financial Accounting System & MIS.

2. ਗਲਾਡਾ ਵੱਲੋਂ ਉਪਰੋਕਤ ਤਿਆਰ ਕਰਵਾਏ ਜਾ ਰਹੇ ਮਡਿਊਲਡ ਨੂੰ ਧਿਆਨ ਵਿਚ ਰੱਖਦਿਆਂ ਮਿਤੀ 14-9-10 ਨੂੰ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀਂ ਵਿਕਾਸ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਬਾਕੀ ਸਾਰੀਆਂ ਅਥਾਰਿਟੀਆਂ ਵਿਚ ਵੀ ਇਸੇ ਫਰਮ ਤੋਂ ਉਨ੍ਹਾਂ ਵੱਲੋਂ ਗਲਾਡਾ ਲਈ ਤਿਆਰ ਕੀਤੇ ਗਏ ਸਾਫਟਵੇਅਰ ਨੂੰ ਅਡਾਪਟ ਕਰਨ ਲਈ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਸੀ:-

Since the source code of this software solution would be the property of GLADA, the same could be replicated in other Authorities at no extra cost for the software for which the hardware could be procured by the concerned Authority at DGS&D rates. As regards the work pertaining to data entry in other Authorities was concerned, it was deliberated that in the interest of successful implementation of any e-Governance initiative where change management is being effectuated in the organization, the task of preparation of software solution and data entry should be undertaken by a single vendor (as being done by GLADA) as otherwise in the case of multiple vendors, there is always a tendency amongst the vendors that they blame each other for any task which leads to time delays as well as non implementation of initiative. Accordingly, it was decided

that the concerned CA's may take up this matter for decision within their respective Authorities.

3. ਪੁਡਾ ਦੀ ਐਗਜ਼ੀਕਿਊਟਿਵ ਕਮੇਟੀ ਦੀ ਦੂਜੀ ਮੀਟਿੰਗ ਦੇ ਅਜੰਡਾ ਆਈਟਮ ਨੰ: 2.02 ਵਿਚ ਇਹ ਮਾਮਲਾ ਪੇਸ਼ ਕਰਨ ਲੱਗਿਆਂ ਸੂਚਿਤ ਕੀਤਾ ਗਿਆ ਸੀ ਕਿ ਸਾਰੀਆਂ ਅਥਾਰਿਟੀਆਂ ਵੱਲੋਂ ਮਿਤੀ 14-9-2010 ਨੂੰ ਹੋਈ ਵਿਭਾਗੀ ਮੀਟਿੰਗ ਵਿਚ ਸਰਬ ਸੰਮਤੀ ਨਾਲ ਮਹਿਸੂਸ ਕੀਤਾ ਗਿਆ ਸੀ ਕਿ ਬਾਕੀ ਕੰਮ ਉਪਰ ਦੱਸੇ ਖਰਚੇ ਮੁਤਾਬਿਕ ਇਸੇ ਪਾਰਟੀ ਤੋਂ ਕਰਵਾਉਣਾ ਲਾਹੇਬੰਦ ਹੋਵੇਗਾ ਤਾਂ ਜੋ ਤਾਲਮੇਲ ਅਤੇ ਜਿੰਮੇਵਾਰੀ ਸਬੰਧੀ ਕੋਈ ਮਸਲੇ ਨਾ ਉਠੱਣ। ਇਹ ਹੋਣ ਵਾਲਾ ਖਰਚਾ ਸਾਰੀਆਂ ਅਥਾਰਿਟੀਆਂ ਵੱਲੋਂ ਬਰਾਬਰ ਵੰਡ ਲਿਆ ਜਾਵੇਗਾ।

4. ਉਪਰੋਕਤ ਤੋਂ ਇਲਾਵਾ ਇਹ ਵੀ ਤਜਵੀਜ ਹੈ ਕਿ ਇਸ ਸਬੰਧ ਵਿਚ ਜੋ ਡਾਟਾ ਸੈਂਟਰ ਬਣਨਾ ਹੈ ਉਸ ਨੂੰ ਇਕ ਥਾਂ ਤੇ (ਗਲਾਡਾ ਵਿਖੇ) ਹੀ ਸਥਾਪਿਤ ਕੀਤਾ ਜਾਵੇ ਜਿਸ ਲਈ ਲੋੜੀਂਦੀ ਕਾਰਵਾਈ ਗਲਾਡਾ ਵੱਲੋਂ ਪਹਿਲਾਂ ਹੀ ਆਰੰਭੀ ਜਾ ਚੁੱਕੀ ਹੈ। ਇਸ ਤੋਂ ਇਲਾਵਾ Application software (oracle 10 g version or higher, Microsoft seer, Firewalls etc.) proprietary items ਹੋਣ ਕਰਕੇ ਸਿੱਧੇ ਵਿਗਿਆਪਨ ਦੇ ਕੇ ਖਰੀਦ ਲਏ ਜਾਣਗੇ। ਡਾਟਾ ਸੈਂਟਰ ਦੇ ਨਾਲ ਸਾਰੀਆਂ ਅਥਾਰਿਟੀਆਂ ਦੀ connectivity leased line ਦੇ ਰਾਹੀਂ ਕੀਤੀ ਜਾਵੇਗੀ, ਜਿਸ ਦੀ ਚੋਣ ਸਾਰਆਂ ਅਥਾਰਿਟੀਆਂ ਦੀ ਸਾਂਝੀ ਕਮੇਟੀ ਵੱਲੋਂ ਕੀਤੀ ਜਾਵੇਗੀ।

5. ਜਿਥੋਂ ਤੱਕ ਤਕਨੀਕੀ ਅਮਲੇ ਦਾ ਸਬੰਧ ਹੈ ਉਸ ਸਬੰਧੀ ਗਲਾਡਾ ਵੱਲੋਂ ਪ੍ਰਵਾਨਿਤ ਰੇਟਾਂ ਤੇ ਸਬੰਧਤ ਅਥਾਰਿਟੀਆਂ ਆਪਣੀ ਲੋੜ ਅਨੁਸਾਰ ਈ-ਕੋਨੈਕਟ ਪਾਸੋਂ ਲੈ ਸਕਦੀਆਂ ਹਨ ਤਾਂ ਕਿ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਿਆ ਜਾ ਸਕੇ।

6. ਕਾਰਜਕਾਰੀ ਕਮੇਟੀ ਨੇ ਮੱਦ ਵਿਚ ਦੱਸੀ ਉਪਰੋਕਤ ਤਜਵੀਜ ਦੀ ਪ੍ਰਵਾਨਗੀ ਦੇ ਦਿੱਤੀ ਸੀ ਅਤੇ ਇਹ ਵੀ ਫੈਸਲਾ ਕੀਤਾ ਸੀ ਕਿ *ਕਮੇਟੀ ਵੱਲੋਂ ਮੀਟਿੰਗ ਦੌਰਾਨ ਪੁੱਡਾ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿਚ ਲਏ ਜਾਣ ਵਾਲੇ ਫੈਸਲਿਆਂ ਨੂੰ ਲਾਗੂ ਕਰਨ ਲਈ ਮੁੱਖ ਪ੍ਰਸਾਸਕ, ਪੁੱਡਾ ਨੂੰ ਨਾਮਜਦ ਕਰਨ ਸਬੰਧੀ ਫੈਸਲਾ ਕੀਤਾ ਗਿਆ।*

7. ਇਸ ਕੰਪਨੀ ਵੱਲੋਂ ਕੀਤੇ ਜਾ ਰਹੇ ਕੰਮ ਸਬੰਧੀ ਵਧੀਕ ਮੁੱਖ ਪ੍ਰਸਾਸਕ, ਗਲਾਡਾ, ਲੁਧਿਆਣਾ ਵੱਲੋਂ ਆਪਣੇ ਪੱਤਰ ਨੰ: ਏ.ਸੀ.ਏ/ਗਲਾਡਾ/ਐਲ ਡੀ ਐਚ-2010/8791 ਮਿਤੀ 7-10-2010 (ਅਨੁਲਗ-ੳ) ਰਾਹੀਂ ਇਸ ਕੰਪਨੀ ਵੱਲੋ ਸਡਿਊਲ ਅਨੁਸਾਰ ਤਸੱਲੀਬਖਸ ਕੰਮ ਕਰਨ ਬਾਰੇ ਆਪਣੀ ਰਿਪੋਰਟ ਦਿੱਤੀ ਹੈ।

8. ਉਪਰੋਕਤ ਫੈਸਲੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਮੈਸ: ਈ. ਕੁਨੈਕਟ ਸਲੂਸਨਜ ਪ੍ਰਾਈਵੇਟ ਲਿਮ: ਤੋਂ ਗਮਾਡਾ ਵਿਚ ਗਲਾਡਾ ਲਈ ਤਿਆਰ ਕੀਤੇ ਗਏ ਸਾਫਟਵੇਅਰ ਨੂੰ ਅਡਾਪਟ ਕਰਨ ਅਤੇ ਗਮਾਡਾ ਦੀਆਂ ਮਿਸਲਾਂ ਦੀ ਡਾਟਾ ਐਂਟਰੀ ਕਰਨ ਵਾਸਤੇ ਰੇਟ ਅਤੇ ਸਰਤਾਂ ਮੰਗੀਆਂ ਗਈਆਂ ਸਨ। ਗਲਾਡਾ ਲਈ ਤਿਆਰ ਕੀਤੇ ਗਏ ਸਾਫਟਵੇਅਰ ਨੂੰ ਗਮਾਡਾ ਵਿਚ ਅਡਾਪਟ ਕਰਨ ਲਈ ਫਰਮ ਨੇ 4.00 ਲੱਖ ਰੁਪਏ ਦੀ ਮੰਗ ਕੀਤੀ ਹੈ ।

ਇਸ ਤੋਂ ਇਲਾਵਾ ਇਸ ਨੂੰ ਇੰਪਲੀਮੈਂਟ ਕਰਨ ਲਈ ਇਕ ਸਾਲ ਲਈ ਦੋ ਮੈਨ ਪਾਵਰ ਜਿਸ ਦੀ ਤਨਖਾਹ 25,000/- ਰੁ: ਪ੍ਰਤੀ ਮਹੀਨਾ ਦੇ ਹਿਸਾਬ ਨਾਲ 6.00 ਲੱਖ ਰੁਪਏ ਦੀ ਮੰਗ ਕੀਤੀ ਹੈ । ਇਸ ਤੋਂ ਇਲਾਵਾ ਸਾਫਟਵੇਅਰ ਨੂੰ ਚਲਾਉਣ ਲਈ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਵਾਸਤੇ 3,000/- ਰੁ: ਪ੍ਰਤੀ ਦਿਨ ਟ੍ਰੇਨਿੰਗ ਚਾਰਜਿਜ ਦੀ ਮੰਗ ਕੀਤੀ ਹੈ। ਗਲਾਡਾ ਵੱਲੋਂ ਜੋ ਫਰਮ ਨੂੰ ਆਡਰ ਦਿੱਤਾ ਗਿਆ ਹੈ ਉਸ ਵਿਚ ਟ੍ਰੇਨਿੰਗ ਦਾ ਸਮਾਂ 10 ਦਿਨ ਦੱਸਿਆ ਹੈ ਜੋ ਮੁਫਤ ਦਿੱਤੀ ਜਾਣੀ ਬਣਦੀ ਹੈ, ਪਰ 10 ਦਿਨ ਉਪਰੰਤ 3,000/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਟ੍ਰੇਨਿੰਗ ਦਾ ਖਰਚਾ ਲਿਆ ਜਾਣਾ ਹੈ। ਜੇਕਰ ਗਮਾਡਾ ਵਿਚ ਵੀ 10 ਦਿਨ ਲਈ ਟ੍ਰੇਨਿੰਗ ਲਈ ਜਾਂਦੀ ਹੈ ਤਾਂ ਇਸ ਤੇ 30,000/- ਰੁਪਏ ਖਰਚਾ ਆਵੇਗਾ। ਇਸ ਤਰ੍ਹਾਂ ਗਲਾਡਾ ਲਈ ਤਿਆਰ ਕੀਤੇ ਗਏ ਸਾਫਟਵੇਅਰ ਨੂੰ ਗਮਾਡਾ ਵਿਚ ਅਡਾਪਟ ਕਰਨ ਲਈ ਕੁੱਲ 10.30 ਲੱਖ ਰੁਪਏ ਅਤੇ ਟੈਕਸ ਵੱਖਰਾ ਖਰਚਾ ਆਵੇਗਾ। ਇਸ ਸਬੰਧ ਵਿਚ ਫਰਮ ਵੱਲੋਂ ਦਿੱਤੇ ਗਏ ਰੇਟਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| Sr. No | Name of the Activity | Qty | Rate(Rs) | Amount (Rs.) | Remarks |
|---|---|---|---|---|---|
| 1 | Adaption of the GLADA web based application Software developed by E-Connect for GMADA usage for all modules as per GLADA order. | 1 | 400000/- | 400000/- | scope as quoted |
| 2. | Training Charges | As required | 3000 per day | As Applicable | prices as per GLADA Contract |
| 3 | Implementation, Manpower for 12 months (Full time manpower Support) | 2 | 25000 per month | 600000/- | 2 Nos implementation man power suggested for 12 months. Prices as per GLADA Contract of Rs. 25000 Per month per Manpower |
| 4 | Digitization for files for master Data | As per no. of files | Rs. 92 per file | As Applicable | Prices per file as per GLADA Order. Qty would be as Applicable |
| 5 | Data Entry Operators for day today data feeding of current data | As Required | Rs. 8500/- | As Applicable | Prices on per month per Operator Basis. With |

| | | | | | |
|---|---|---|---|---|---|
| | | | | | suggest 5-7 operators for 12 months. More may be asked for as required. |

9. ਗਮਾਡਾ ਵਿਚ ਮਿਸਲਾਂ ਦੀ ਗਿਣਤੀ ਲਗਭਗ 70000 ਹੈ, ਜਿਸ ਕਰਕੇ ਗਮਾਡਾ ਲਈ ਵੱਖਰਾ ਡਾਟਾ ਸੈਂਟਰ ਪੁੱਡਾ ਭਵਨ ਵਿਚ ਸਥਾਪਿਤ ਕਰਨ ਦੀ ਤਜਵੀਜ ਹੈ। ਬਾਕੀ ਸਾਰੀਆਂ ਅਥਾਰਿਟੀਆਂ ਦੀਆਂ ਮਿਸਲਾਂ ਦੀ ਗਿਣਤੀ ਘੱਟ ਹੋਣ ਕਰਕੇ ਉਹ ਲੁਧਿਆਣਾ ਵਿਖੇ ਸਥਾਪਿਤ ਕੀਤੇ ਗਏ ਡਾਟਾ ਸੈਂਟਰ ਨੂੰ ਵਰਤ ਸਕਦੀਆਂ ਹਨ। ਗਮਾਡਾ ਵਿਚ ਡਾਟਾ ਸੈਂਟਰ ਸਥਾਪਿਤ ਕਰਨ ਲਈ ਹਾਰਡਵੇਅਰ ਅਤੇ ਸਾਫਟਵੇਅਰ ਡੀ.ਜੀ.ਐਸ. ਐਂਡ ਡੀ. ਦੇ ਰੇਟਾਂ ਤੇ ਖਰੀਦ ਕੀਤੀ ਜਾਵੇਗੀ । ਜਿਹੜੀ ਆਈਟਮ ਡੀ.ਜੀ.ਐਸ. ਐਂਡ ਡੀ. ਤੇ ਉਪਲਬਧ ਨਹੀਂ ਹੋਵੇਗੀ ਉਸਦੀ ਕੁਟੇਸ਼ਨਾਂ ਰਾਹੀਂ ਜਾਂ ਪ੍ਰਵਾਨਿਤ ਤਰੀਕੇ ਰਾਹੀਂ ਖਰੀਦ ਕੀਤੀ ਜਾਵੇਗੀ।

10. ਗਲਾਡਾ ਵੱਲੋਂ ਮਿਸਲਾਂ ਦੀ ਸਾਫਟਵੇਅਰ ਅਨੁਸਾਰ ਡਾਟਾ ਐਂਟਰੀ ਲਈ 92/- ਰੁ: ਪ੍ਰਤੀ ਫਾਈਲ ਦੇ ਹਿਸਾਬ ਨਾਲ ਅਦਾਇਗੀ ਕੀਤੀ ਗਈ ਹੈ। ਗਮਾਡਾ ਵਿਚ ਮਿਸਲਾਂ ਦੀ ਸਾਫਟਵੇਅਰ ਅਨੁਸਾਰ ਡਾਟਾ ਐਂਟਰੀ ਕਰਨ ਲਈ ਫਰਮ ਵੱਲੋਂ ਹੇਠ ਅਨੁਸਾਰ ਦੋ ਆਪਸ਼ਨਾਂ ਦਿਤੀਆਂ ਗਈਆਂ ਹਨ:-

ਆਪਸ਼ਨ ਇਕ ਸਾਫਟਵੇਅਰ ਅਨੁਸਾਰ ਡਾਟਾ ਐਂਟਰੀ 92/- ਰੁ: ਪ੍ਰਤੀ ਫਾਈਲ

70000 ਮਿਸਲਾਂ ਦੀ ਕੁੱਲ ਲਾਗਤ (70000x92 =64,40,000/-)

ਕੰਮ ਕਰਨ ਲਈ ਸਪੇਸ ਕੁਰਸੀਆਂ ਮੇਜ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਫਤਰ ਵੱਲੋਂ ਦਿੱਤੀਆਂ ਜਾਣੀਆਂ ਹਨ, ਕੇਵਲ ਹਾਰਡਵੇਅਰ ਫਰਮ ਵੱਲੋਂ ਅਰੇਂਜ ਕੀਤਾ ਜਾਵੇਗਾ।

ਆਪਸ਼ਨ ਦੋ

In case GMADA wants to do digitization on their own, GMADA will require the following-

1. Necessary hardware-45-50 computers, networking, UPS and OS.
2. Reqd. furniture, data entry operators and space.

As per experience in GLADA one operator is able to do about 7 files per day.
Hence one operator will do in one-month (22 days)-7 X 22=154 files.

Hence assuming GMADA has 70000 files. it will require 70000/7=10000

- Man-days=10000/22 man months=454.54 man months.
- So if the work is to be completed in 12 man months then GMADA will require 454.54/12=38 operators.
- Keeping 10% contingency then about 42 operators will be required to do it in 12 months.
- Cost of each operator-Rs. 8500/- pm as per PI rates.
- Total cost of operators per month-Rs. 8500 X42 =Rs. 3,57,000/- pm.
- Total cost for 12 months for 42 operators=Rs. 3.57.000/- X12 =Rs. 42,84.000/-
- Supervisor/Handholding reqd.-one person per 10 operators.

- Cost of Handholding-Rs. 25,000 per person per month (As per GLADA order)
- Total no of handholding manpower will be-4 persons.
- Total cost for handholding for one year-Rs. 25,000/- X4 X12= Rs. 12,00,000/-

Total cost of manpower for the year- Rs. 42,84,000/- plus Rs. 12,00,000/-=Rs. 54,84,000/-
Assuming contingency by 25% it will be Rs. 54,84,000/- plus 25% cost overrun=Rs. 68,55,000/- --------------- (A).

Hardware cost will be 46 X 30,000/-= Rs. 13,80,000/- plus networking (Approx Rs. 20,000/-)= Rs: 14,00,000/- ------ (B)
**TOTAL COST OF DOING DIGITISATION= A PLUS B= RS. 68,55,000/- Plus Rs. 14,00,000/-=Rs. 82,55,000/-**

ਬਣਦੇ ਟੈਕਸ ਵੱਖਰੇ ਹੋਣਗੇ ।

11. ਗਲਾਡਾ ਵਿਚ ਲਗ-ਭਗ 11000 ਮਿਸਲਾਂ ਡਾਟਾ ਐਂਟਰੀ ਕਰਨ ਯੋਗ ਹਨ ਜਦ ਕਿ ਗਮਾਡਾ ਵਿਚ ਲਗਭਗ 70000 ਮਿਸਲ ਡਾਟਾ ਐਂਟਰੀ ਕਰਨ ਯੋਗ ਹਨ। ਫਰਮ ਵੱਲੋਂ ਜੋ ਗਮਾਡਾ ਲਈ ਉਪਰ ਆਪਸਨ ਦੇ ਅਨੁਸਾਰ ਤਜਵੀਜ ਦਿੱਤੀ ਹੈ । ਇਹ ਕੰਮ ਲਗਭਗ ਇਕ ਸਾਲ ਵਿਚ ਪੂਰਾ ਹੋਣ ਦੀ ਸੰਭਾਵਨਾ ਹੈ। ਪਰ ਦਫਤਰ ਵੱਲੋਂ ਹੇਠ ਅਨੁਸਾਰ ਤਜਵੀਜ ਕੀਤਾ ਜਾਂਦਾ ਹੈ ਜਿਸ ਨਾਲ ਕੰਮ 9 ਤੋਂ 10 ਮਹੀਨੇ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ ਅਤੇ ਇਸ ਨਾਲ ਖਰਚਾ ਵੀ ਕੁਝ ਘੱਟ ਆਵੇਗਾ:-

File Volume = 70000

As per GLADA experience one DEO can enter 7 files in a day

If GMADA hire 50 DEO's & 5 supervisors for data Entry on their own 7700 files can be entered in one month. (50 (DEO's) * 7(Files per day) * 22 (working Days) = 7700 Files)

Expected time for whole Data Entry of Estate office = 70000 /7700 = 9 months and nine days (approx) or 10 months(20 days has been kept in margin for leave of any Data entry operator or holiday declared by the Govt. for any reason or work held up due to any unforeseen reasons)

Cost of 50 Data Entry Operator ( For 10 months)

50x8500x10=42,50,000/-
( ਡਾਟਾ ਐਂਟਰੀ ਉਪਰੇਟਰਾਂ ਨੂੰ ਜੋ 8500/- ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਣੀ ਹੈ, ਉਹ ਪੰਜਾਬ ਇਨਫੋਟੈਕ ਰਾਂਹੀਂ ਪਹਿਲਾ ਰੱਖੇ ਗਏ ਡਾਟਾ ਐਂਟਰੀ ਉਪਰੇਟਰ ਦੇ ਬਰਾਬਰ ਹੈ । )

Cost of 5 Supervisor ( For 10 months)
5x25000x10=12,50,000/-

**Total cost: 42,50,000/- + 12,50,000/- = 55,00,000/-**

Hardware Required for 50 Nos of DEO's
50 x 30,000 (approx.)= 15,00,000/-
( ਸੁਪਰਵਾਈਜਰਾਂ ਨੂੰ ਜੋ 25000/- ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਣੀ ਹੈ, ਉਹ ਗਲਾਡਾ ਵੱਲੋਂ ਪਹਿਲਾ ਰੱਖੇ ਗਏ ਸੁਪਰਵਾਈਜਰ ਦੇ ਬਰਾਬਰ ਹੈ । )

12. ਇਥੇ ਇਹ ਦੱਸਣਾ ਯੋਗ ਹੈ ਕਿ 15,00,000/- ਰੁ: ਦਾ ਜੋ ਹਾਰਡਵੇਅਰ ਖਰੀਦਿਆਂ ਜਾਣਾ ਹੈ, ਉਸ ਦੀ ਲਾਗਤ ਘੱਟ ਹੋ ਸਕਦੀ ਹੈ ਕਿਉਂਕਿ ਦਫਤਰ ਵਿਚ ਉਪਲਬਧ ਕੁਝ ਕੰਪਿਊਟਰ ਸਪੇਅਰ ਕਰਦੇ ਹੋਏ ਇਸ ਮੰਤਵ ਲਈ ਵਰਤ ਲਏ ਜਾਣਗੇ। ਇਸ ਤੋਂ ਇਲਾਵਾ ਜੋ ਹਾਰਡਵੇਅਰ ਖਰੀਦਿਆ ਜਾਵੇਗਾ ਉਹ ਦਫਤਰ ਦੀ ਪ੍ਰੋਪਰਟੀ ਹੋਵੇਗੀ ਅਤੇ ਉਸਨੂੰ ਭਵਿੱਖ ਵਿਚ ਦਫਤਰ ਦੇ ਕੰਮ ਲਈ ਵਰਤੋਂ ਵਿਚ ਲਿਆਂਦਾ ਜਾਵੇਗਾ।

13. ਉਪਰੋਕਤ ਦੀ ਰੋਸਨੀ ਵਿਚ ਮਿਸਲਾਂ ਦੀ ਡਾਟਾ ਐਂਟਰੀ ਦਾ ਕੰਮ ਕਰਵਾਉਣ ਲਈ ਦਫਤਰ ਕੋਲ ਤਿੰਨ ਆਪਸਨਾਂ ਰਹਿ ਜਾਂਦੀਆਂ ਹਨ

(a) ਮੈਸ: ਈ-ਕੁਨੈਕਟ ਸਲੂਸਨ ਪ੍ਰਾਈਵੇਟ ਲਿਮ: ਤੋਂ 92/- ਰੁਪਏ ਪ੍ਰਤੀ ਫਾਈਲ ਦੇ ਹਿਸਾਬ ਨਾਲ ਕੰਮ ਕਰਵਾਉਣਾ।

ਇਹ ਰੇਟ ਗਲਾਡਾ ਵੱਲੋਂ ਕੰਪੀਟੇਟਿਵ ਬਿਡਿੰਗ ਰਾਂਹੀਂ ਪ੍ਰਾਪਤ ਕੀਤਾ ਗਿਆ ਹੈ। ਪ੍ਰੰਤੂ ਗਲਾਡਾ ਵਿਖੇ ਉਹਨਾਂ ਦੀ ਸੂਚਨਾਂ ਅਨੁਸਾਰ 11000 ਫਾਈਲਾਂ ਹਨ ਜਦਕਿ ਗਮਾਡਾ ਵਿਚ ਲਗਭਗ 70000 ਫਾਈਲਾਂ ਲਈ ਇਹ ਕੰਮ ਕਰਵਾਇਆ ਜਾਣਾ ਹੈ ।

(b) ਪੈਰ੍ਹਾ 11 ਵਿਚ ਦਿੱਤੀ ਗਈ ਤਜਵੀਜ ਅਨੁਸਾਰ ਕੋਸਟ + ਬੇਸਿਜ ਤੇ ਇਹ ਕੰਮ M/S E Connect Solution Private Limited (ਜੋ ਕਿ ਇਸ ਕੰਮ ਲਈ ਗਲਾਡਾ ਦੁਆਰਾ ਨਿਯੁਕਤ ਕੀਤੀ ਗਈ ਫਰਮ ਹੈ) ਤੋ ਕਰਵਾ ਲਿਆ ਜਾਵੇ ।

(c) ਨਵੇ ਸਿਰਿਉ ਟੈਂਡਰ ਕਾਲ ਕਰਕੇ ਕੰਮ ਅਲਾਟ ਕੀਤਾ ਜਾਵੇ । ਇਸ ਸਬੰਧ ਵਿਚ ਪੈਰਾ 2 ਵੱਲ ਦੁਬਾਰਾ ਧਿਆਨ ਦੇਣਾ ਉਚਿਤ ਹੋਵੇਗਾ। ਜੇਕਰ ਸਾਫਟਵੇਅਰ ਅਤੇ ਡਾਟਾ ਐਂਟਰੀ ਦਾ ਕੰਮ ਵੱਖ ਵੱਖ ਅਜੰਸੀਆਂ ਤੋ ਕਰਵਾਇਆ ਜਾਂਦਾ ਹੈ ਤਾਂ ਇਸ ਵਿਚ ਦਿੱਕਤਾਂ ਆਉਣ ਦੀਆਂ ਸੰਭਾਵਨਾਵਾਂ ਰਹਿਣਗੀਆਂ ।

14 ਉਪਰੋਕਤ ਅਨੁਸਾਰ ਮਾਮਲਾ ਅਥਾਰਟੀ ਅੱਗੇ ਹੇਠ ਅਨੁਸਾਰ ਵਿਚਾਰਨ ਅਤੇ ਯੋਗ ਫੈਸਲੇ ਹਿੱਤ ਪੇਸ ਹੈ:-

(ੳ) ਪੈਰਾ 8 ਅਤੇ 9 ਵਿਚ ਦਿੱਤੀ ਗਈ ਤਜਵੀਜ ਪ੍ਰਵਾਨਗੀ ਹਿੱਤ ਪੇਸ ਹੈ ਜੀ ।

(ਅ) ਪੈਰ੍ਹਾ 13 ਵਿਚ a, b ਜਾਂ c ਵਿਚੋ ਜਿਹੜੇ ਤਰੀਕੇ ਨਾਲ ਕੰਮ ਕਰਵਾਇਆ ਜਾਣਾ ਹੈ, ਬਾਰੇ ਫੈਸਲੇ ਹਿੱਤ ਪੇਸ ਹੈ ਜੀ।